ਆਰ.ਬੀ.ਆਈ./2007-2008/41

ਡੀ ਬੀ ਓ ਡੀ ਨੰ: ਡੀ ਆਈ ਆਰ ਬੀ ਸੀ 7/13-03-00/2006-07

2 ਜੁਲਾਈ, 2007

11 ਹਾੜ੍ਹ, 1929 (ਸਾਕਾ)

ਸਾਰੇ ਅਨੁਸੂਚਿਤ ਵਪਾਰਕ ਬੈਂਕਾਂ ਨੂੰ

(ਆਰ ਆਰ ਬੀਜ਼ ਤੋਂ ਇਲਾਵਾ)

ਸ੍ਰੀਮਾਨ ਜੀ,

**ਡੋਮੈਸਟਿਕ ਆਰਡੀਨਰੀ ਨਾਨਰੈਜ਼ੀਡੈਂਟ (ਐਨ ਆਰ ਓ) ਅਤੇ ਨਾਨ-ਰੈਜ਼ੀਡੈਂਟ (ਐਕਟਰਨਲ (ਐਨ ਆਰ ਈ) ਖਾਤਿਆ ਵਿਚਲੀਆਂ ਭਾਰਤੀ ਮੁੱਦਰਾ ਵਿਚ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਬਾਰੇ ਮਾਸਟਰ ਸਰਕੂਲਰ**

ਕਿਰਪਾ ਕਰਕੇ ਮਾਸਟਰ ਸਰਕੂਲਰ ਡੀ ਬੀ ਓ ਡੀ ਨੰ: ਡੀ ਆਈ ਆਰ. ਬੀਸੀ. 6/13-03-00/2006-07 ਮਿਤੀ 1 ਜੁਲਾਈ, 2006 ਵੱਲ ਧਿਆਨ ਦਿਓ ਜਿਸ ਵਿਚ ਡੋਮੈਸਟਿਕ, ਆਰਡੀਨਰੀ ਨਾਨ-ਰੈਜ਼ੀਡੈਂਟ (ਐਨ ਆਰ ਓ) ਅਤੇ ਨਾਨ-ਰੈਜ਼ੀਡੈਂਟ (ਐਕਸਟਰਨਲ) (ਐਨ ਆਰ ਈ) ਖਾਤਿਆਂ ਵਿਚਲੀਆਂ ਭਾਰਤੀ ਮੁੱਦਰਾ ਵਿਚ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਬਾਰੇ 30 ਜੁਲਾਈ, 2006 ਤੱਕ ਬੈਂਕਾਂ ਨੂੰ ਜਾਰੀ ਕੀਤੀਆਂ ਹਦਾਇਤਾਂ/ਮਾਰਗਦਰਸ਼ਕ ਲੀਹਾਂ ਨੂੰ ਸ਼ਾਮਲ ਕੀਤਾ ਗਿਆ ਸੀ। 30 ਜੂਨ, 2007 ਤੱਕ ਜਾਰੀ ਕੀਤੀਆਂ ਗਈਆਂ ਹਦਾਇਤਾਂ ਨੂੰ ਸ਼ਾਮਲ ਕਰਕੇ ਮਾਸਟਰ ਸਰਕੂਲਰ ਨੂੰ ਉਚਿੱਤ ਢੰਗ ਨਾਲ ਅਪਡੇਟ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ ਆਰ ਬੀ ਆਈ ਦੀ ਵੈਬਸਾਈਟ (htt://www.rbi.org.in) ਤੇ ਪਾ ਦਿੱਤਾ ਗਿਆ ਹੈ।

ਆਪ ਜੀ ਦਾ ਵਿਸ਼ਵਾਸਪਾਤਰ

ਸਹੀ/-

*(ਪੀ ਵਿਜਯ ਭਾਸਕਰ)*

ਚੀਫ ਜਨਰਲ ਮੈਨੇਜਰ

# ਡੋਮੈਸਟਿਕ ਆਰਡੀਨਰੀ ਨਾਨ-ਰੈਜ਼ੀਡੈਂਟ (ਐਨ ਆਰ ਓ) ਅਤੇ ਨਾਨ-ਰੈਜ਼ੀਡੈਂਟ (ਐਕਸਟਰਨਲ) (ਐਨ ਆਰ ਈ) ਖਾਤਿਆਂ ਵਿਚਲੀਆਂ ਭਾਰਤੀ ਮੁੱਦਰਾਂ ਵਿਚ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਬਾਰੇ ਮਾਸਟਰ ਸਰਕੂਲਰ

## ਉਦੇਸ਼

ਡੋਮੈਸਟਿਕ, ਆਰਡੀਨਰੀ ਨਾਨ-ਰੈਜ਼ੀਡੈਂਟ (ਐਨ ਆਰ ਓ) ਅਤੇ ਨਾਨ-ਰੈਜ਼ੀਡੈਂਟ (ਐਕਸਟਰਨਲ) (ਐਨ ਆਰ ਈ) ਖਾਤਿਆਂ ਵਿਚਲੀਆਂ ਭਾਰਤੀ ਮੁੱਦਰਾਂ ਵਿਚ ਜਮ੍ਹਾਂ ਰਾਸ਼ੀਆਂ ਤੋਂ ਵਿਆਜ ਦਰਾਂ ਬਾਰੇ ਸਮੇਂ-ਸਮੇਂ ਤੇ ਭਾਰਤੀ ਰਿਜ਼ਰਵ ਬੈਂਕ ਦੁਆਰਾ ਜਾਰੀ ਕੀਤੇ ਗਏ ਨਿਰਦੇਸ਼ਾਂ ਨੂੰ ਇਕ ਥਾਂ ਇਕੱਠਾ ਕਰਨਾ।

## ਵਰਗੀਕਰਣ

ਬੈਂਕਿੰਗ ਰੈਗੂਲੇਸ਼ਨ ਐਕਟ, 1949 ਦੇ ਸੈਕਸ਼ਨ 15 ਏ ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਰਿਜ਼ਰਵ ਬੈਂਕ ਦੁਆਰਾ ਜਾਰੀ ਕਾਨੂੰਨੀ ਨਿਰਦੇਸ਼।

## ਪਿੱਛਲੇ ਨਿਰਦੇਸ਼ਾਂ ਦਾ ਏਕੀਕਰਣ:

ਇਹ ਮਾਸਟਰ ਸਰਕੂਲਰ ਉਪਰੋਕਤ ਵਿਸ਼ੇ ਤੇ ਅੰਤਿਕਾ 4 ਵਿਚ ਦਿੱਤੀ ਸੂਚੀ ਵਿਚ ਸ਼ਾਮਲ ਸਰਕੂਲਰਾਂ ਵਿਚ ਸ਼ਾਮਲ ਨਿਰਦੇਸ਼ਾਂ ਨੂੰ ਇਕ ਥਾਂ ਇਕੱਠਾ ਕਰਦਾ ਹੈ।

## ਇਸ ਦੇ ਲਾਗੂ ਹੋਣ ਦਾ ਦਾਇਰਾ

ਖੇਤਰੀ ਗ੍ਰਾਮੀਣ ਬੈਂਕਾਂ ਤੋਂ ਇਲਾਵਾ ਸਾਰੇ ਸ਼ੈਡਿਊਲਡ ਵਪਾਰਕ ਬੈਂਕ ਇਸ ਦੇ ਦਾਇਰੇ ਵਿਚ ਆਉਂਦੇ ਹਨ।

ਬਣਤਰ

1- ਭੂਮਿਕਾ

2- ਮਾਰਗਦਰਸ਼ਕ ਲੀਹਾਂ

2.1 ਪਰਿਭਾਸ਼ਾਵਾਂ

2.2 ਘੱਟੋ ਘੱਟ ਅਵਧੀ ਅਤੇ ਬਚਤ ਰਾਸ਼ੀਆਂ ਅਤੇ ਮਿਆਦੀ ਜਮ੍ਹਾਂ ਰਾਸ਼ੀਆਂ ਤੇ ਭੁਗਤਾਨਯੋਗ ਵਿਆਜ ਦਰਾਂ

2.3 ਫਿਕਸਡ ਡਿਪਾਜਿਟ ਤੇ ਵਿਆਜ ਦਾ ਭੁਗਤਾਨ-ਵਿਆਜ ਦੀ ਗਣਨਾ ਦਾ ਢੰਗ

2.4 ਏ ਜੀ ਆਈ ਡੀ, ਐਨ ਜੀ ਆਈ ਐਫ ਅਤੇ ਏ ਐਫ ਜੀ ਆਈ ਐਸ ਨੂੰ ਅਤਿਰਿਕਤ ਵਿਆਜ

2.5 ਖੇਤਰੀ ਗ੍ਰਾਮੀਣ ਬੈਂਕਾਂ/ਸਥਾਨਕ ਖੇਤਰ ਦੇ ਬੈਂਕਾਂ ਨੂੰ ਅਤਿਰਿਕਤ ਵਿਆਜ ਦੇ ਭੁਗਤਾਨ ਦਾ ਸਵੈ-ਇੱਛਾ ਦਾ ਅਧਿਕਾਰ

2.6 ਬੈਂਕਾਂ ਦੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਵਿਸ਼ਿਸ਼ਟ ਸਹਿਯੋਗੀਆਂ ਦੀਆਂ ਜਮ੍ਹਾਂ ਰਾਸ਼ੀਆਂ ਤੇ ਵਿਆਜ ਜੋ ਕਿ ਇਕ ਫੀਸਦੀ ਤੋਂ ਵੱਧ ਨਾ ਹੋਵੇ, ਦੇ ਭੁਗਤਾਨ ਦਾ ਸਵੈ-ਇੱਛਾ ਦਾ ਅਧਿਕਾਰ

2.7 ਬੈਂਕ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਅਤੇ ਕਾਰਜਕਾਰੀ ਨਿਰਦੇਸ਼ਕਾਂ ਦੀਆਂ ਜਮ੍ਹਾਂ ਰਾਸ਼ੀਆਂ ਤੇ ਅਤਿਰਿਕਤ ਵਿਆਜ ਦੇ ਭੁਗਤਾਨ ਦਾ ਸਵੈ ਇੱਛਾ ਦਾ ਅਧਿਕਾਰ।

2.8 ਆਰ ਆਰ ਬੀਜ਼ ਦੁਆਰਾ ਪ੍ਰਾਯੋਜਕ ਬੈਂਕ ਵਿਚ ਖੋਲ੍ਹੇ ਗਏ ਚਾਲੂ ਖਾਤੇ ਤੇ ਵਿਆਜ ਦੇ ਭੁਗਤਾਨ ਦਾ ਸਵੈ-ਇੱਛਾ ਦਾ ਅਧਿਕਾਰ

2.9 ਕਿਸੇ ਕਿਸਾਨ ਦੇ ਕੰਪੋਜਿਟ ਕੈਸ਼ ਕ੍ਰੈਡਿਟ ਖਾਤੇ ਵਿਚਲੀ ਘੱਟੋ ਘੱਟ ਬਕਾਇਆ ਰਾਸ਼ੀ ਤੇ ਵਿਆਜ ਦੇ ਭੁਗਤਾਨ ਦੀ ਸਵੈ-ਇੱਛਾ ਦਾ ਅਧਿਕਾਰ

2.10 ਬਜ਼ੁਰਗਾਂ ਲਈ ਜਮ੍ਹਾਂ ਯੋਜਨਾ

2.11 ਮਿਆਦੀ ਜਮ੍ਹਾਂ ਰਾਸ਼ੀ ਨੂੰ ਸਮਾਂ ਪੂਰਾ ਹੋਣ ਤੋਂ ਪਹਿਲਾਂ ਕਢਵਾਉਣਾ

2.12 ਮਿਆਦੀ ਜਮ੍ਹਾਂ ਰਾਸ਼ੀ, ਹਰ ਰੋਜ਼ ਜਮ੍ਹਾਂ ਕਰਵਾਈ ਜਾਣ ਵਾਲੀ ਜਮ੍ਹਾਂ ਰਾਸ਼ੀ ਜਾਂ ਆਵਰਤੀ ਜਮ੍ਹਾਂ ਰਾਸ਼ੀ ਨੂੰ ਪੁਨਰ ਨਿਵੇਸ਼ ਲਈ ਮਿਆਦੀ ਜਮ੍ਹਾਂ ਰਾਸ਼ੀ ਵਿਚ ਬਦਲਣਾ

2.13 ਪਰਿਪੱਕਤਾ ਦੀ ਮਿਤੀ ਤੋਂ ਬਾਅਦ ਨਵੀਂਕਰਣ

2.14 ਮਿਆਦੀ ਜਮ੍ਹਾਂ ਰਾਸ਼ੀ ਵਿਰੁੱਧ ਕਰਜ਼ਾ ਵਿਆਜ ਲਗਾਉਣ ਦੀ ਵਿਧੀ

2.15 ਮਿਆਦੀ ਜਮ੍ਹਾਂ ਰਾਸ਼ੀ ਵਿਰੁੱਧ ਕਰਜ਼ੇ ਲਈ ਮਾਰਜਨ

2.16 ਐਨ ਆਰ (ਈ) ਆਰ ਏ ਜਮ੍ਹਾਂ ਰਾਸ਼ੀਆਂ ਵਿਰੁੱਧ ਕਰਜ਼ਿਆਂ ਤੇ ਪਾਬੰਦੀਆਂ ਕਰਜ਼ਿਆਂ ਦੀ ਮਾਤਰਾ

2.17 ਮ੍ਰਿਤਕ ਖਾਤੇਦਾਰ ਦੀ ਜਮ੍ਹਾਂ ਰਾਸ਼ੀ ਤੇ ਭੁਗਤਾਨਯੋਗ ਵਿਆਜ

2.18 ਜਮ੍ਹਾਂ ਰਾਸ਼ੀਆਂ ਤੇ ਵਿਆਜ ਵਿਚ ਪਰਿਵਰਤਨ ਅਤੇ ਵੱਖ-ਵੱਖ ਵਿਆਜ ਦਰਾਂ ਅਨੁਸਾਰ ਜਮ੍ਹਾਂ ਰਾਸ਼ੀਆਂ ਦੇ ਵੇਰਵੇ ਬਾਰੇ ਆਰ ਬੀ ਆਈ ਨੂੰ ਸੂਚਿਤ ਕਰਨਾ

2.19 ਸੰਯੁਕਤ ਦੇ ਨਾਵਾਂ ਵਿਚ ਵਾਧਾ ਜਾਂ ਕਟੌਤੀ

2.20 ਲੈਣ ਦੇਣ ਦੀਆਂ ਰਾਸ਼ੀਆਂ ਨੂੰ ਸੰਪੂਰਨ ਬਣਾਉਣਾ

2.21 ਮਿਆਦੀ ਜਮ੍ਹਾਂ ਰਾਸ਼ੀ ਲਈ ਰਸੀਦ ਜਾਰੀ ਕਰਨਾ

2.22 ਐਤਵਾਰ/ਛੁੱਟੀ ਵਾਲੇ ਦਿਨ/ਗੈਰ-ਵਪਾਰਕ ਕੰਮ ਵਾਲੇ ਦਿਨ ਪਰਿਪੱਕਤਾ ਮਿਤੀ ਵਾਲੀਆਂ ਮਿਆਦੀ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਾ ਭੁਗਤਾਨ

2.23 ਧੰਨ ਰਾਸ਼ੀਆਂ ਜਮ੍ਹਾਂ ਕਰਵਾਉਣ ਲਈ ਪ੍ਰੇਰਿਤ ਕਰਨ ਦੀਆਂ ਯੋਜਨਾਵਾਂ

2.24 ਬਚਤ ਖਾਤਿਆਂ ਵਿਚ ਘੱਟੋ ਘੱਟ ਬਕਾਇਆ ਰਾਸ਼ੀ

2.25 ਨੋ ਫਿਲਸ ਖਾਤਾ

2.26 ਛੋਟਾਂ

2.27 ਪਾਬੰਦੀਆਂ

3- ਅੰਤਿਕਾ

1- ਭੂਮਿਕਾ

## 1.1 ਘਰੇਲੂ, ਜਮ੍ਹਾਂ ਰਾਸ਼ੀਆਂ

ਸੁਧਾਰਾਂ ਤੋਂ ਪਹਿਲਾਂ, ਭਾਰਤੀ ਰਿਜ਼ਰਵ ਬੈਂਕ ਨੇ ਜਮ੍ਹਾਂ ਰਾਸ਼ੀਆਂ ਲਈ ਉਨ੍ਹਾਂ ਦਰਾਂ ਅਤੇ ਉਨ੍ਹਾਂ ਦੀ ਪਰਿਪੱਕਤਾ ਦੀ ਅਵਧੀ ਨਿਰਧਾਰਿਤ ਕੀਤੀ ਸੀ ਜਿਨ੍ਹਾਂ ਦੀ ਪੇਸ਼ਕਸ਼ ਬੈਂਕਾਂ ਦੁਆਰਾ ਕੀਤੀ ਜਾ ਸਕਦੀ ਸੀ। ਬੈਂਕਿੰਗ ਸੇਵਾਵਾਂ ਮੁਹਇਆ ਕਰਵਾਉਣ ਵਾਲਿਆਂ ਵਿਚ ਕੀਮਤ ਵਸੂਲਣ ਲਈ ਕੋਈ ਮੁਕਾਬਲਾ ਨਹੀਂ ਸੀ ਹੁੰਦਾ ਅਤੇ ਗ੍ਰਾਹਕਾਂ ਸਾਹਮਣੇ ਵੀ ਚੁਣਨ ਲਈ ਸੀਮਤ ਉਤਪਾਦ ਸਨ। ਨਿਯੰਤਰਣ ਹਦਾਉਣ ਦੇ ਫਲਸਰੂਪ ਬਚਤ ਰਾਸ਼ੀਆਂ ਨੂੰ ਛੱਡ ਕੇ ਬਾਕੀ ਜਮ੍ਹਾਂ ਰਾਸ਼ੀਆਂ ਦੀ ਵੱਖ-ਵੱਖ ਪਰਿਪੱਕਤਾ ਅਵਧੀ ਅਨੁਸਾਰ ਬੈਂਕ ਆਪਣੀ ਮਰਜ਼ੀ ਅਨੁਸਾਰ ਵਿਆਜ ਦੀਆਂ ਦਰਾਂ ਨਿਸ਼ਚਿਤ ਕਰ ਸਕਦੇ ਹਨ, ਜਿਸ ਦਾ ਅਰਥ ਹੈ ਗ੍ਰਾਹਕ ਲਈ ਵਿਕਲਪ। ਹੁਣ ਗ੍ਰਾਹਕ 7 ਦਿਨਾਂ ਦੀ ਘੱਟੋ ਘੱਟ ਮਿਆਦ ਲਈ ਜਮ੍ਹਾਂ ਰਾਸ਼ੀ ਤੇ ਵੀ ਵਿਆਜ ਕਮਾ ਸਕਦਾ ਹੈ। ਬੈਂਕ ਵੀ ਹੁਣ ਇਕ ਨਿਸ਼ਚਿਤ ਸੀਮਾਂ ਤੋਂ ਉਪਲ ਵੱਖ-ਵੱਖ ਆਕਾਰ ਵਾਲੀਆਂ ਜਮ੍ਹਾਂ ਰਾਸ਼ੀਆਂ ਲਈ ਵਿਆਜ ਦੀਆਂ ਵੱਖ-ਵੱਖ ਦਰਾਂ ਦੀ ਪੇਸ਼ਕਸ਼ ਕਰਨ ਲਈ ਆਜ਼ਾਦ ਹਨ, ਕਿਉਂਕਿ ਲੈਣ ਦੇਣ ਸਬੰਧੀ ਖਰਚ ਜਮ੍ਹਾਂ ਰਾਸ਼ੀ ਦੇ ਆਕਾਰ ਅਨੁਸਾਰ ਭਿੰਨ ਹੁੰਦਾ ਹੈ। ਇਸ ਤੋਂ ਪਹਿਲਾਂ, ਪਰਿਪੱਕਤਾ ਦੀ ਅਵਧੀ ਪੂਰਣ ਹੋਣ ਤੋਂ ਪਹਿਲਾਂ ਧੰਨ ਰਾਸ਼ੀ ਵਾਪਸ ਲੈਣ ਲਈ ਜੁਰਮਾਨੇ ਦਾ ਨਿਰਧਾਰਣ ਭਾਰਤੀ ਰਿਜ਼ਰਵ ਬੈਂਕ ਦੁਆਰਾ ਕੀਤਾ ਜਾਂਦਾ ਸੀ ਪਰੰਤੂ ਹੁਣ ਇਹ ਕੰਮ ਬੈਂਕਾਂ ਤੇ ਛੱਡ ਦਿੱਤਾ ਗਿਆ ਹੈ ਤਾਂ ਜੋ ਉਹ ਵਿਆਜ ਦਰਾਂ ਦਾ ਪ੍ਰਬੰਧ ਕਰ ਸਕਣ।

ਅਕਤੂਬਰ 22, 1997 ਤੋਂ ਵਪਾਰਕ ਬੈਂਕਾਂ ਨੂੰ ਆਪਣੇ ਨਿਰਦੇਸ਼ਕ ਮੰਡਲ/ਐਸੇਟ ਲਾਇਬਿਲਟੀ ਮੈਨੇਜਮੈਂਟ ਕਮੇਟੀ (ਏ ਐਲ ਸੀ ਓ) ਦੀ ਪਹਿਲਾਂ ਤੋਂ ਪ੍ਰਾਪਤ ਮਨਜ਼ੂਰੀ ਨਾਲ ਵੱਖ-ਵੱਖ ਅਵਧੀਆਂ ਲਈ ਘਰੇਲੂ ਜਮ੍ਹਾਂ ਰਾਸ਼ੀਆਂ ਲਈ ਆਪਣੀਆਂ ਹੀ ਵਿਆਜ ਦਰਾਂ

ਨਿਸ਼ਚਿਤ ਕਰਨ ਦੀ ਆਜ਼ਾਦੀ ਦੇ ਰੱਖੀ ਹੈ। ਪਰੰਤੂ ਭਾਰਤੀ ਰਿਜ਼ਰਵ ਬੈਂਕ ਦੁਆਰਾ ਬਚਤ ਰਾਸ਼ੀਆਂ ਤੇ ਵਿਆਜ ਦੀਆਂ ਦਰਾਂ ਨੂੰ ਨਿਯੰਤ੍ਰਿਤ ਕੀਤਾ ਜਾਂਦਾ ਹੈ ਜੋ ਕਿ ਇਸ ਸਮੇਂ 3.5% ਨਿਸ਼ਚਿਤ ਕੀਤਾ ਗਿਆ ਹੈ ਅਤੇ ਜਿਸ ਵਿਚ 1 ਮਾਰਚ, 2003 ਤੋਂ ਕੋਈ ਪਰਿਵਰਤਨ ਨਹੀਂ ਹੋਇਆ ਹੈ।

ਭਾਰਤੀ ਮੁੱਦਰਾ ਨਾਲ ਕੋਈ ਵੀ ਘਰੇਲੂ ਖਾਤਾ ਚਾਲੂ, ਬਚਤ ਜਾਂ ਮਿਆਦੀ ਖਾਤੇ ਦੇ ਰੂਪ ਵਿਚ ਖੋਲ੍ਹਿਆ ਜਾ ਸਕਦਾ ਹੈ।

## 1.2 ਆਰਡੀਨਰੀ ਨਾਲ ਰੈਜ਼ੀਡੈਂਟ (ਐਨ ਆਰ ਓ)

ਪ੍ਰਵਾਸੀ ਭਾਰਤੀ ਆਪਣੀਆਂ ਸਥਾਨਿਕ ਉਚਿੱਤ ਲੈਣ ਦੇਣ ਦੀਆਂ ਰਾਸ਼ੀਆਂ ਨੂੰ ਇਕੱਤਰ ਕਰਨ ਲਈ ਨਾਨ-ਰੈਜ਼ੀਡੈਂਟ ਆਰਡੀਨਰੀ (ਐਨ ਆਰ ਓ) ਜਮ੍ਹਾਂ ਖਾਤੇ ਖੋਲ੍ਹ ਸਕਦੇ ਹਨ। ਕਿਉਂਕਿ ਐਨ ਆਰ ਓ ਖਾਤੇ ਭਾਰਤੀ ਮੁੱਦਰਾ ਵਿਚ ਹੁੰਦੇ ਹਨ, ਇਸ ਲਈ ਅਜਿਹੇ ਖਾਤਿਆਂ ਤੇ ਮੁੱਦਰਾ ਪਰਿਵਰਤਨ ਦਰ ਸਬੰਧੀ ਜੋਖਮ ਖੁਦ ਖਾਤੇਦਾਰਾਂ ਦੁਆਰਾ ਉਠਾਇਆ ਜਾਂਦਾ ਹੈ। ਜਦੋਂ ਵੀ ਕੋਈ ਭਾਰਤੀਵਾਸੀ ਪ੍ਰਵਾਸੀ ਬਣ ਜਾਂਦਾ ਹੈ, ਉਸਦੇ ਭਾਰਤੀ ਮੁੱਦਰਾ ਵਿਚ ਚਲ ਰਹੇ ਘਰੇਲੂ ਖਾਤੇ ਨੂੰ ਐਨ ਆਰ ਓ ਖਾਤੇ ਦਾ ਨਾਮ ਦੇ ਦਿੱਤਾ ਜਾਂਦਾ ਹੈ। ਅਜਿਹੇ ਖਾਤੇ ਭਾਰਤ ਵਿਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਦੀਆਂ ਜ਼ਰੂਰਤਾਂ ਵੀ ਪੂਰੀਆਂ ਕਰਦੇ ਹਨ। ਐਨ ਆਰ ਓ ਖਾਤਿਆਂ ਨੂੰ ਬਚਤ, ਚਾਲੂ, ਆਵਰਤੀ ਜਾਂ ਮਿਆਦੀ ਜਮ੍ਹਾਂ ਖਾਤਿਆਂ ਦੇ ਰੂਪ ਵਿਚ ਜਾਰੀ ਰੱਖਿਆ ਜਾ ਸਕਦਾ ਹੈ। ਜਦੋਂ ਕਿ ਐਨ ਆਰ ਓ ਖਾਤਿਆਂ ਵਿਚਲੀ ਮੂਲ ਰਾਸ਼ੀ ਨੂੰ ਵਿਦੇਸ਼ ਨਹੀਂ ਮੰਗਵਾਇਆ ਜਾ ਸਕਦਾ, ਪਰੰਤੂ ਐਨ ਆਰ ਓ ਖਾਤਿਆਂ ਵਿਚਲੇ ਬਕਾਏ/ਭਾਰਤ ਵਿਚਲੀ ਸੰਪੱਤੀ ਦੀ ਵਿਕਰੀ ਤੋਂ ਪ੍ਰਾਪਤ ਰਾਸ਼ੀ ਵਿਚੋਂ ਵਰਤਮਾਨ ਆਮਦਨ ਅਤੇ ਵਿਆਜ ਦੀ ਰਾਸ਼ੀ ਜੋ 10 ਲੱਖ ਅਮਰੀਕਨ ਡਾਲਰਾਂ ਤੋਂ ਵੱਧ ਨਾ ਹੋਵੇ, ਪ੍ਰਤੀ ਸਾਲ ਵਿਦੇਸ਼ ਵਿਚ ਮੰਗਵਾਈ ਜਾ ਸਕਦੀ ਹੈ। ਐਨ ਆਰ ਓ ਖਾਤਿਆਂ ਤੋਂ ਪ੍ਰਾਪਤ ਹੋਣ ਵਾਲੀ

ਵਿਆਜ ਦੀ ਆਮਦਨ ਘਰੇਲੂ ਜਮ੍ਹਾਂ ਰਾਸ਼ੀਆਂ ਤੋਂ ਪ੍ਰਾਪਤ ਹੋਣ ਵਾਲੀ ਵਿਆਜ ਦੀ ਆਮਦਨ ਦੀ ਹੀ ਤਰ੍ਹਾਂ ਆਮਦਨ ਕਰ ਤੋਂ ਮੁਕਤ ਨਹੀਂ ਹੈ।

## 1.3 ਨਾਨ-ਰੈਜ਼ੀਡੈਂਟ (ਐਕਸਟਰਨਲ) (ਐਨ ਆਰ ਈ) ਖਾਤੇ

ਨਾਨ-ਰੈਜ਼ੀਡੈਂਟ (ਐਕਸਟਰਨਲ) ਰੁਪੀ ਅਕਾਂਉਟ ਐਨ ਆਰ (ਈ) ਆਰ ਏ ਯੋਜਨਾ ਜਿਸ ਨੂੰ ਐਨ ਆਰ ਈ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਨੂੰ 1970 ਵਿਚ ਸ਼ੁਰੂ ਕੀਤਾ ਗਿਆ ਸੀ। ਕੋਈ ਵੀ ਪ੍ਰਵਾਸੀ ਭਾਰਤੀ ਵਿਦੇਸ਼ ਵਿਚਲੇ ਕਿਸੇ ਬੈਂਕ ਰਾਹੀਂ ਭਿਜਵਾਈ ਗਈ ਰਾਸ਼ੀ ਨਾਲ ਐਨ ਆਰ ਈ ਖਾਤਾ ਖੋਲ੍ਹ ਸਕਦਾ ਹੈ ਅਤੇ ਕਿਸੇ ਹੋਰ ਐਨ ਆਰ ਈ ਖਾਤੇ ਜਾਂ ਐਫ ਸੀ ਐਨ ਆਰ (ਬੀ) ਖਾਤੇ ਵਿਚੋਂ ਟ੍ਰਾਂਸਫਰ ਕੀਤੀ ਗਈ ਰਾਸ਼ੀ ਨੂੰ ਵੀ ਵਿਦੇਸ਼ ਵਿਚ ਮੰਗਵਾਇਆ ਜਾ ਸਕਦਾ ਹੈ। ਭਾਰਤੀ ਮੁੱਦਰਾ ਨਾਲ ਕੋਈ ਵੀ ਐਨ ਆਰ ਈ ਖਾਤਾ ਚਾਲੂ, ਬਚਤ ਜਾਂ ਮਿਆਦੀ ਜਮ੍ਹਾਂ ਖਾਤੇ ਦੇ ਰੂਪ ਵਿਚ ਖੋਲ੍ਹਿਆ ਜਾ ਸਕਦਾ ਹੈ। ਐਨ ਆਰ ਈ ਖਾਤਿਆਂ ਵਿਚੋਂ ਸਥਾਨਕ ਭੁਗਤਾਨ ਮੁਕਤ ਰੂਪ ਵਿਚ ਕੀਤੇ ਜਾ ਸਕਦੇ ਹਨ। ਕਿਉਂਕਿ ਇਹ ਖਾਤਾ ਭਾਰਤੀ ਮੁੱਦਰਾ ਵਿਚ ਚਲਦਾ ਹੈ, ਇਸ ਲਈ ਖਾਤੇਦਾਰ ਲਈ ਮੁੱਦਰਾ ਪਰਿਵਰਤਨ ਦਾ ਜੋਖਮ ਬਣਿਆ ਰਹਿੰਦਾ ਹੈ, ਪ੍ਰਵਾਸੀ ਭਾਰਤੀਆਂ ਅਤੇ ਪੀ ਆਈ ਓਜ ਨੂੰ ਆਪਣੀ ਵਰਤਮਾਨ ਆਮਦਨ ਰਾਸ਼ੀ ਨੂੰ ਆਪਣੇ ਨਾਨ-ਰੈਜ਼ੀਡੈਂਟ (ਐਕਸਟਰਨਲ) ਰੁਪੀ ਅਕਾਂਉਟ ਵਿਚ ਜਮ੍ਹਾਂ ਕਰਵਾਉਣ ਦਾ ਵਿਕਲਪ ਪ੍ਰਾਪਤ ਹੁੰਦਾ ਹੈ, ਬਸ਼ਰਤੇ ਕਿ ਅਧਿਕ੍ਰਿਤ ਡੀਲਰ ਨੂੰ ਇਸ ਗੱਲ ਦੀ ਤਸੱਲੀ ਹੋਵੇ ਕਿ ਜਮ੍ਹਾਂ ਕਰਵਾਈ ਗਈ ਰਾਸ਼ੀ ਦਾ ਸਬੰਧ ਨਾਨ-ਰੈਜ਼ੀਡੈਂਟ ਖਾਤਾ ਧਾਰਕਾਂ ਦੀ ਵਰਤਮਾਨ ਆਮਦਨ ਨਾਲ ਹੈ ਅਤੇ ਉਸ ਉਤੇ ਲੱਗਣ ਵਾਲੇ ਆਮਦਨ ਕਰ ਦੀ ਕਟੌਤੀ/ਪ੍ਰਬੰਧ ਕਰ ਲਿਆ ਗਿਆ ਹੈ।

## 1.4 ਵਿਆਜ ਦਰ ਦਾ ਨਿਯੰਤਰਣ

1990 ਦੇ ਦਹਾਕੇ ਤੋਂ ਪਹਿਲਾਂ, ਘਰੇਲੂ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਨੂੰ ਨਿਯੰਤ੍ਰਿਤ ਕਰਨ ਦੀ ਵਿਧੀ ਅਨੁਸਾਰ, ਵੱਖ-ਵੱਖ ਐਨ ਆਰ ਆਈ ਜਮ੍ਹਾਂ ਯੋਜਨਾਵਾਂ ਤੇ ਵਿਆਜ ਦਰਾਂ ਵੀ ਨਿਯੰਤ੍ਰਿਤ ਹੁੰਦੀਆਂ ਸਨ। ਇਨ੍ਹਾਂ ਨੂੰ ਲਚਕੀਲਾ ਬਣਾਉਣ ਦੀ ਦਿਸ਼ਾ ਵਿਚ ਪਹਿਲੇ ਕਦਮ ਦੇ ਰੂਪ ਵਿਚ 1992 ਵਿਚ ਪਰਿਪੱਕਤਾ ਅਵਧੀ ਅਨੁਸਾਰ ਵਿਆਪਕ ਸ਼ਰਤਾਂ ਨੂੰ ਐਨ ਆਰ ਈ ਖਾਤਿਆਂ ਲਈ ਘਰੇਲੂ ਜਮ੍ਹਾਂ ਰਾਸ਼ੀਆਂ ਲਈ ਲਚਕਤਾ ਅਨੁਸਾਰ ਬੁੱਧੀਸੰਗਤ ਬਣਾਇਆ ਗਿਆ। ਐਨ ਆਰ ਈ ਅਤੇ ਘਰੇਲੂ ਜਮ੍ਹਾਂ ਰਾਸ਼ੀਆਂ ਦੀ ਪਰਿਪੱਕਤਾ ਅਵਧੀਆਂ ਵਿਚ ਸਬੰਧ ਸਥਾਪਿਤ ਕਰਨ ਦੇ ਵਿਚਾਰ ਨਾਲ 2 ਸਾਲ ਤੋਂ ਵੱਧ ਦੀ ਪਰਿਪੱਕਤਾ ਅਵਧੀ ਵਾਲੀਆਂ ਐਨ ਆਰ ਈ ਮਿਆਦੀ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਨੂੰ 4 ਅਪ੍ਰੈਲ, 1996 ਤੋਂ ਮੁਕਤ ਕਰ ਦਿੱਤਾ ਗਿਆ ਜਦ ਕਿ 1 ਸਾਲ ਤੋਂ ਵੱਧ ਪਰਿਪੱਕਤਾ ਵਾਲੀਆਂ ਐਨ ਆਰ ਈ ਮਿਆਦੀ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਨੂੰ 16 ਅਪ੍ਰੈਲ, 1997 ਤੋਂ ਮੁਕਤ ਕਰ ਦਿੱਤਾ ਗਿਆ। 13 ਸਤੰਬਰ, 1997 ਤੋਂ ਬੈਂਕਾਂ ਨੂੰ ਹਰ ਪ੍ਰਕਾਰ ਦੀ ਪਰਿਪੱਕਤਾ ਅਵਧੀ ਵਾਲੀਆਂ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਬਾਰੇ ਪੂਰਣ ਆਜ਼ਾਦੀ ਦੇ ਦਿੱਤੀ ਗਈ।

ਆਰਥਿਕ ਬਾਜ਼ਾਰਾਂ ਵਿਚ ਬਦਲਦੇ ਹੋਏ ਹਾਲਾਤ ਦੇ ਜਵਾਬ ਵਿਚ ਐਨ ਆਰ ਈ ਮਿਆਦੀ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਨੂੰ ਸਮਾਨ ਪਰਿਪੱਕਤਾ ਅਵਧੀਆਂ ਵਾਲੀਆਂ ਅਮਰੀਕਨ ਡਾਲਰਾਂ/ਐਲ ਆਈ ਬੀ ੳ ਆਰ/ਸਵੈਪ ਦਰਾਂ ਤੋਂ 250 ਆਧਾਰ ਅੰਕਾਂ ਉਪਰ ਵਾਲੀਆਂ ਅੰਤਰ ਰਾਸ਼ਟਰੀ ਦਰਾਂ ਨਾਲ ਜੋੜ ਦਿੱਤਾ ਗਿਆ, ਜੋ ਕਿ 17 ਜੁਲਾਈ, 2003 ਤੋਂ ਲਾਗੂ ਹੋਈਆਂ। ਸੀਲਿੰਗ ਦਰਾਂ ਨੂੰ ਸਿਲਸਿਲੇਵਾਰ ਢੰਗ ਨਾਲ ਘਟਾ ਕੇ ਸਮਾਨ ਪਰਿਪੱਕਤਾ ਅਵਧੀਆਂ ਵਾਲੀਆਂ ਲਿਬੋਰ/ਸਵੈਪ ਦਰਾਂ ਦੇ ਬਰਾਬਰ ਕਰ ਦਿੱਤਾ ਗਿਆ ਅਤੇ 24 ਅਪ੍ਰੈਲ, 2007 ਵਾਲੇ ਦਿਨ ਕਾਰੋਬਾਰ ਬੰਦ ਹੋਣ ਤੋਂ ਬਾਅਦ ਲਾਗੂ ਕੀਤਾ ਗਿਆ। ਨਾਲ ਹੀ ਐਨ ਆਰ ਈ ਬਚਤ ਰਾਸ਼ੀਆਂ ਤੇ ਵਿਆਜ ਦੀ ਦਰ ਅਤੇ ਘਰੇਲੂ ਬਚਤ ਅਤੇ

17 ਅਪ੍ਰੈਲ, 2004 ਤੋਂ ਐਨ ਆਰ ਈ ਬਚਤ ਰਾਸ਼ੀਆਂ ਲਈ ਸੀਲਿੰਗ ਦਰ ਨੂੰ 6 ਮਹੀਨਿਆਂ ਲਈ ਅਮਰੀਕਨ ਡਾਲਰ/ਸਵੈਪ ਦਰ ਦੇ ਬਰਾਬਰ ਨਿਸ਼ਚਿਤ ਕਰ ਦਿੱਤਾ ਗਿਆ। ਪਰੰਤੂ 17 ਨਵੰਬਰ, 2005 ਨੂੰ ਭਾਰਤ ਵਿੰਚ ਕਾਰੋਬਾਰ ਬੰਦ ਹੋਣ ਦੇ ਸਮੇਂ ਤੋਂ ਐਨ ਆਰ ਈ ਬਚਤ ਰਾਸ਼ੀਆਂ ਤੇ ਵਿਆਜ ਦੀਆਂ ਦਰਾਂ ਉਹੀ ਹਨ ਜੋ ਕਿ ਘਰੇਲੂ ਬਚਤ ਰਾਸ਼ੀਆਂ ਤੇ ਲਾਗੂ ਹਨ।

2. ਮਾਰਗ ਦਰਸ਼ਕ ਲੀਹਾਂ

ਬੈਂਕਾਂ ਉਨ੍ਹਾਂ ਦੁਆਰਾ ਡੋਮੈਸਟਿਕ, ਆਰਡੀਨਰੀ ਨਾਨ-ਰੈਜ਼ੀਡੈਂਟ (ਐਨ ਆਰ ਓ) ਅਤੇ ਨਾਨ-ਰੈਜ਼ੀਡੈਂਟ (ਐਕਸਟਰਨਲ) ਖਾਤਿਆਂ ਵਿਚ ਸਵੀਕਾਰ ਕੀਤੀਆਂ ਜਾਂ ਨਵੀਂਕਰਣ ਕੀਤੀਆਂ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਾ ਭੁਗਤਾਨ ਇਸ ਸਰਕੂਲਰ ਨਾਲ ਨੱਥੀ ਅੰਤਿਕਾ 1 ਅਤੇ 2 ਵਿਚ ਨਿਰਧਾਰਿਤ ਅਤੇ ਲਾਗੂ ਹੋਣ ਵਾਲੀਆਂ ਵਿਆਜ ਦਰਾਂ ਜੋ ਵੀ ਲਾਗੂ ਹੁੰਦੀਆਂ ਹੋਣ, ਅਤੇ ਹੇਠ ਦਿੱਤੇ ਪੈਰਿਆਂ ਦਿੱਤੀਆਂ ਸ਼ਰਤਾਂ, ਤੋਂ ਇਲਾਵਾ ਕਿਸੇ ਵਿਆਜ ਦਾ ਭੁਗਤਾਨ ਨਹੀਂ ਕਰਨਾ ਚਾਹੀਦਾ।

2.1 ਪਰਿਭਾਸ਼ਾਵਾਂ

ਇਸ ਸਰਕੂਲਰ ਦੇ ਉਦੇਸ਼ ਲਈ

(ੳ) ਡਿਮਾਂਡ ਲਾਇਬਿਲਟੀਜ਼ ਅਤੇ ਟਾਈਮ ਲਾਇਬਿਲਿਟਜ਼ ਦਾ ਅਰਥ ਹੈ ਰਿਜ਼ਰਵ ਬੈਂਕ ਆਫ ਇੰਡੀਆਂ ਐਕਟ, 1934 ਦੇ ਸੈਕਸ਼ਨ 42 ਦੇ ਸਬਸੈਕਸ਼ਨ (2) ਅਧੀਨ ਬੈਂਕ ਦੁਆਰਾ ਦਾਖਲ ਕੀਤੀ ਗਈ ਰਿਟਰਨ ਵਿਚ ਦਰਸਾਈਆਂ ਗਈਆਂ ਦੇਣਦਾਰੀਆਂ ;

(ਅ) ਡਿਮਾਂਡ ਡਿਪਾਜਿਟ ਦਾ ਅਰਥ ਹੈ ਬੈਂਕ ਦੁਆਰਾ ਜਮ੍ਹਾਂ ਕੀਤੀ ਗਈ ਉਹ ਰਾਸ਼ੀ ਜੋ ਕਿ ਵਾਪਸ ਮੰਗੇ ਜਾਣ ਤੇ ਕਢਵਾਉਣ ਯੋਗ ਹੈ ;

(ੲ) ਸੇਵਿੰਗਸ ਡਿਪਾਜਿਟ ਦਾ ਅਰਥ ਹੈ ਡਿਮਾਂਡ ਡਿਪਾਜਿਟ ਦਾ ਉਹ ਰੂਪ ਜੋ ਕਿ ਇਕ ਜਮ੍ਹਾਂ ਖਾਤਾ ਹੈ ਜਿਸ ਨੂੰ ਸੇਵਿੰਗਸ ਅਕਾਂਉਟ, ਸੇਵਿੰਗ ਬੈਂਕ ਅਕਾਂਉਟ ਸੇਵਿੰਗ ਡਿਪਾਜਿਟ ਅਕਾਉਂਟ ਜਾਂ ਕਿਸੇ ਵੀ ਹੋਰ ਨਾਮ ਨਾਲ ਪੁਕਾਰਿਆ ਜਾ ਸਕਦਾ ਹੈ ਜਿਸ ਤੇ ਕਿਸੇ ਨਿਸ਼ਚਿਤ ਅਵਧੀ ਦੌਰਾਨ ਕਿੰਨੀ ਵਾਰ ਅਤੇ ਕਿਸ ਮਾਤਰਾ ਵਿਚ ਧੰਨਰਾਸ਼ੀ ਕਢਵਾਉਣ ਸਬੰਧੀ ਬੈਂਕ ਦੀਆਂ ਪਾਬੰਦੀਆਂ ਲਾਗੂ ਹੁੰਦੀਆਂ ਹਨ ;

(ਸ) ਟਰਮ ਡਿਪਾਜਿਟ ਦਾ ਅਰਥ ਹੈ ਬੈਂਕ ਦੁਆਰਾ ਇਕ ਨਿਸ਼ਚਿਤ ਅਵਧੀ ਲਈ ਜਮ੍ਹਾਂ ਕੀਤੀ ਗਈ ਰਾਸ਼ੀ ਅਤੇ ਜੋ ਕੇਵਲ ਉਪਰੋਕਤ ਨਿਸ਼ਚਿਤ ਅਵਧੀ ਤੋਂ ਬਾਅਦ ਹੀ ਕਵਢਾਈ ਜਾ ਸਕਦੀ ਹੈ ਅਤੇ ਜਿਸ ਵਿਚ ਰੈਕਰਿੰਗ/ਕਿਯੁਮੂਲੇਟਿਵ/ਐਨਯੂਟੀ/ਰੀ ਇਨਵੈਸਟਮੈਂਟ ਡਿਪਾਜਿਟ ਕੈਸ਼ ਸਰਟੀਫਿਕੇਟ ਅਤੇ ਅਜਿਹੇ ਹੋਰ ਡਿਪਾਜਿਟ ਵੀ ਸ਼ਾਮਲ ਹੁੰਦੇ ਹਨ ;

(ਹ) ਨੋਟਿਸ ਡਿਪਾਜਿਟ ਦਾ ਅਰਥ ਹੈ ਇਕ ਨਿਸ਼ਚਿਤ ਅਵਧੀ ਲਈ ਜਮ੍ਹਾਂ ਕੀਤੀ ਗਈ ਰਾਸ਼ੀ ਪਰੰਤੂ ਜਿਸ ਨੂੰ ਬੈਂਕਿੰਗ ਕਾਰੋਬਾਰ ਦੇ ਪੂਰੇ ਇਕ ਦਿਨ ਦਾ ਨੋਟਿਸ ਦੇਣ ਤੋਂ ਬਾਅਦ ਹੀ ਕਢਵਾਇਆ ਜਾ ਸਕਦਾ ਹੈ।

(ਕ) ਕਰੰਟ ਅਕਾਂਉਟ ਦਾ ਅਰਥ ਹੈ ਡਿਮਾਂਡ ਡਿਪਾਜਿਟ ਦੀ ਉਹ ਰਾਸ਼ੀ ਜਿਸ ਵਿਚੋਂ ਖਾਤੇ ਵਿਚ ਬਕਾਇਆ ਰਾਸ਼ੀ ਦੇ ਆਧਾਰ ਤੇ ਚਾਹੇ ਜਿੰਨੀ ਵਾਰੀ ਪੈਸੇ ਕਢਵਾਉਣ ਦੀ ਆਗਿਆ ਹੁੰਦੀ ਹੈ ਜਾ ਸਹਿਮਤੀ ਅਨੁਸਾਰ ਨਿਸ਼ਚਿਤ ਮਾਤਰਾ ਵਿਚ ਰਾਸ਼ੀ ਕਢਵਾਈ ਜਾ ਸਕਦੀ ਹੈ ਅਤੇ ਜਿਸ ਵਿਚ ਉਨ੍ਹਾਂ ਖਾਤਿਆਂ ਨੂੰ ਵੀ ਸ਼ਾਮਲ ਸਮਝਿਆ ਜਾਵੇਗਾ ਜੋ ਨਾਂ ਤਾਂ ਬਚਤ ਖਾਤੇ ਹਨ ਅਤੇ ਨਾ ਹੀ ਮਿਆਦੀ ਖਾਤੇ ਹਨ;

(ਖ) ਕਾਉਂਟਰਵੀਲਿੰਗ ਇੰਟ੍ਰਸਟ ਦਾ ਅਰਥ ਹੈ ਬੈਂਕ ਦੇ ਕਿਸੇ ਕਰਜ਼ਦਾਰ ਦੁਆਰਾ ਖੋਲ੍ਹੇ ਗਏ ਚਾਲੂ ਖਾਤੇ ਦੇ ਰੂਪ ਵਿਚ ਕਿਸੇ ਵੀ ਖਾਤੇ ਤੇ ਦਿੱਤਾ ਗਿਆ ਵਿਆਜ ਦਾ ਲਾਭ ;

(ਗ) ਬਜਟਰੀ ਐਲੋਕੇਸ਼ਨ ਦਾ ਅਰਥ ਹੈ ਸਰਕਾਰ ਦੁਆਰਾ ਬਜਟ ਰਾਹੀਂ ਨਿਰਧਾਰਿਤ ਕੀਤੀਆਂ ਰਾਸ਼ੀਆਂ ਜਿਸ ਤੋਂ ਸਰਕਾਰ ਦੇ ਸਾਰੇ ਖਰਚਿਆਂ ਦੀ ਇਕ ਝਲਕ ਮਿਲਦੀ ਹੈ। ਕੋਈ ਵੀ ਸੰਸਥਾਂ, ਭਾਵੇਂ ਉਹ ਇਕ ਸਰਕਾਰੀ ਮਹਿਕਮਾ ਹੋਵੇ, ਅਰਥ ਸਰਕਾਰੀ ਜਾਂ ਨੀਮ ਸਰਕਾਰੀ ਸੰਸਥਾ ਹੋਵੇ, ਜੋ ਕਿ ਸਰਕਾਰ ਤੋਂ ਅਨੁਦਾਨ, ਸਬਸਿਡੀ ਜਾਂ ਕਰਜ਼ੇ ਪ੍ਰਾਪਤ ਕਰਦੇ ਹਨ, ਉਹ ਬਜਟ ਵਿਚ ਨਿਰਧਾਰਿਤ ਰਾਸ਼ੀਆਂ ਤੇ ਨਿਰਭਰ ਕਰਦੇ ਹਨ। ਇਨ੍ਹਾਂ ਸੰਸਥਾਵਾਂ ਲਈ ਅਨੁਦਾਨ ਰਾਸ਼ੀਆਂ ਵੀ ਬਜਟ ਵਿਚ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਸੰਸਥਾਵਾਂ ਦੀ ਸ਼ੇਅਰ ਕੈਪੀਟਲ ਵਿਚ ਸਰਕਾਰ ਦੀ ਹਿੱਸੇਦਾਰੀ ਵੀ ਹਨ। ਬਜਟ ਪ੍ਰਾਵਧਾਨਾਂ ਦਾ ਇਕ ਹਿੱਸਾ ਹੁੰਦੀ ਹੈ। ਨਗਰ ਨਿਗਮਾਂ, ਜਿਲ੍ਹਾ ਪਰਿਸ਼ਦਾਂ, ਤਲੁੱਕਾ ਪੰਚਾਇਤਾਂ ਅਤੇ ਗ੍ਰਾਮ ਪੰਚਾਇਤਾਂ ਵਰਗੀਆਂ ਸਥਾਨਿਕ ਸੰਸਥਾਵਾਂ ਨੂੰ ਵੀ ਮੁਆਵਜੇ ਅਤੇ ਨਿਸ਼ਚਿਤ ਕੰਮ ਨੂੰ ਪੂਰਾ ਕਰਵਾਉਣ ਲਈ ਰਾਸ਼ੀ ਦੇ ਦਰੂਪ ਵਿਚ ਅਨੁਦਾਨ ਰਾਸ਼ੀਆਂ ਦਿੱਤੀਆਂ ਜਾਂਦੀਆਂ ਹਨ, ਜੋ ਵੀ ਬਜਟ ਪ੍ਰਾਵਧਾਨਾਂ ਦਾ ਹਿੱਸਾ ਹੁੰਦੀਆਂ ਹਨ, ਹਾਲਾਂਕਿ ਇਨ੍ਹਾਂ ਸੰਸਥਾਵਾਂ ਦੁਆਰਾ ਵਸੂਲ ਕੀਤੇ ਗਏ ਟੈਕਸ ਇਸ ਪਰਿਭਾਸ਼ਾ ਦੇ ਘੇਰੇ ਵਿਚ ਨਹੀਂ ਆਉਂਦੇ ਅਤੇ ਨਾ ਹੀ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦੇ ਬਜਟ ਪ੍ਰਾਵਧਾਨਾਂ ਦੇ ਦਾਅਰੇ ਵਿਚ ;

(ਘ) ਪਬਲਿਕ ਸੈਕਟਰ ਬੈਂਕ ਦਾ ਅਰਥ ਹੈ ਸਟੇਟ ਬੈਂਕ ਆਫ ਇੰਡੀਆ ਐਕਟ, 1955 ਅਧੀਨ ਸਥਾਪਿਤ ਭਾਰਤੀ ਸਟੇਟ ਬੈਂਕ ਜਾਂ ਸਟੇਟ ਬੈਂਕ ਆਫ ਇੰਡੀਆ (ਸਬਸੀਡੀਅਰੀ ਬੈਂਕਸ) ਐਕਟ, 1959 ਦੇ ਸੈਕਸ਼ਨ 2 ਦੀ ਕਲਾਜ਼ (ਕੇ) ਵਿਚ ਦਿੱਤੀ ਪਰਿਭਾਸ਼ਾ ਅਨੁਸਾਰ ਕੋਈ ਅਧੀਨ ਬੈਂਕ ਜਾਂ ਬੈਂਕਿੰਗ ਕੰਪਨੀਜ਼ (ਐਕੁਵੀਜੀਸ਼ਨ ਐਂਡ ਟ੍ਰਾਂਸਫਰ ਆਫ ਅੰਡਰਟੇਕਿੰਗ) ਐਕਟ, 1970 ਸ਼ੈਕਸ਼ਨ 2 ਦੀ ਕਲਾਜ਼ (ਬੀ) ਜਾਂ ਬੈਂਕਿੰਗ ਕੰਪਨੀਜ਼ (ਐਕੁਵੀਜੀਸ਼ਨ ਐਂਡ ਟ੍ਰਾਂਸਫਰ ਆਫ

ਅੰਡਰਟੇਕਿੰਗ) ਐਕਟ, 1980 ਵਿਚ ਦਿੱਤੀ ਪਰਿਭਾਸ਼ਾ ਅਨੁਸਾਰ ਇਸ ਦੇ ਸਮਾਨ ਕੋਈ ਵੀ ਨਵਾਂ ਬੈਂਕ।

*ਨੋਟ : - ਐਨ ਆਰ ਓ/ਐਨ ਆਰ ਈ ਡਿਪਾਜਿਟਸ ਕੇਵਲ ਉਨਾਂ ਬੈਂਕਾਂ ਦੁਆਰਾ ਹੀ ਸਵੀਕਾਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਨੂੰ ਰਿਜ਼ਰਵ ਬੈਂਕ ਵਲੋਂ ਅਜਿਹੇ ਡਿਪਾਜਿਟਸ ਸਵੀਕਾਰ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ।*

2.2 ਘੱਟੋ ਘੱਟ ਅਵਧੀ ਅਤੇ ਬਚਤ ਰਾਸ਼ੀਆਂ ਅਤੇ ਮਿਆਦੀ ਜਮ੍ਹਾਂ ਰਾਸ਼ੀਆਂ ਤੇ ਭੁਗਤਾਨਯੋਗ ਵਿਆਜ ਦਰਾਂ

2.2.ਏ ਘੱਟੋ ਘੱਟ ਅਵਧੀ

(i) ਘਰੇਲੂ/ਐਨ ਆਰ ਓ ਮਿਆਦੀ ਜਮ੍ਹਾ ਰਾਸ਼ੀ

ਘਰੇਲੂ/ਐਨ ਆਰ ਓ ਮਿਆਦੀ ਜਮ੍ਹਾਂ ਰਾਸ਼ੀਆਂ ਲਈ ਘੱਟੋ ਘੱਟ ਅਵਧੀ 7 ਦਿਨ ਹੈ। 1 ਨਵੰਬਰ, 2004 ਤੋਂ ਪਹਿਲਾਂ ਬੈਂਕ 15 ਲੱਖ ਜਾਂ ਇਸ ਤੋਂ ਵੱਧ ਰਾਸ਼ੀ ਦੇ ਮਿਆਦੀ ਡਿਪਾਜਿਟਸ ਨੂੰ ਘੱਟੋ ਘੱਟ 7 ਦਿਨਾਂ ਦੀ ਪਰਿਪੱਕਤਾ ਅਵਧੀ ਲਈ ਸਵੀਕਾਰ ਦੀ ਇਜਾਜ਼ਤ ਦੇ ਰਹੇ ਹਨ ਅਤੇ 15 ਲੱਖ ਤੋਂ ਘੱਟ ਦੇ ਮਿਆਦੀ ਡਿਪਾਜਿਟਸ ਲਈ ਪਰਿਪੱਕਤਾ ਦੀ ਘੱਟੋ ਘੱਟ ਅਵਧੀ 15 ਦਿਨ ਸੀ। 1 ਨਵੰਬਰ, 2004 ਤੋਂ 15 ਲੱਖ ਤੋਂ ਘੱਟ ਵਾਲੀਆ ਮਿਆਦੀ ਜਮ੍ਹਾਂ ਰਾਸ਼ੀਆਂ ਲਈ ਪਰਿਪੱਕਤਾ ਦੀ ਘੱਟੋ ਘੱਟ ਅਵਧੀ 15 ਦਿਨਾਂ ਤੋਂ ਘਟਾ ਕੇ 7 ਦਿਨ ਕਰ ਦਿੱਤੀ ਗਈ ਹੈ।

(ii) ਐਨ ਆਰ ਈ ਡਿਪਾਜਿਟਸ

29 ਅਪ੍ਰੈਲ, 2003 ਤੋਂ, ਐਨ ਆਰ ਈ ਡਿਪਾਜਿਟਸ ਲਈ ਪਰਿਪੱਕਤਾ ਦੀ ਘੱਟੋ ਘੱਟ ਅਵਧੀ ਨੂੰ 6 ਮਹੀਨਿਆਂ ਤੋਂ ਵਧਾ ਕੇ 1 ਸਾਲ ਕਰ ਦਿੱਤਾ ਗਿਆ ਹੈ, ਅਤੇ ਨਵੇਂ ਐਨ ਆਰ ਈ ਮਿਆਦੀ ਡਿਪਾਜਿਟਸ ਦੀ ਪਰਿਪੱਕਤਾ ਅਵਧੀ ਦੇ ਦਾਇਰੇ ਨੂੰ

ਐਫ ਸੀ ਐਨ ਆਰ (ਬੀ) ਡਿਪਾਜਿਟਸ ਅਨੁਸਾਰ 1 ਸਾਲ ਤੋਂ ਲੈ ਕੇ 3 ਸਾਲ ਤੱਕ ਕਰ ਦਿੱਤਾ ਗਿਆ ਹੈ। ਪਰੰਤੂ, ਬੈਂਕ ਆਪਣੀ ਪੂੰਜੀ/ਦੇਣਦਾਰੀਆਂ ਨੂੰ ਧਿਆਨ ਵਿਚ ਰੱਖਦੇ ਹੋਏ 3 ਸਾਲ ਤੋਂ ਵੱਧ ਅਵਧੀ ਲਈ ਵੀ ਐਨ ਆਰ ਈ ਡਿਪਾਜਿਟਸ ਸਵੀਕਾਰ ਕਰ ਸਕਦੇ ਹਨ, ਬਸ਼ਰਤੇ ਅਜਿਹੀ ਲੰਬੀ ਅਵਧੀ ਦੇ ਡਿਪਾਜਿਟਸ ਉਤੇ ਦਿੱਤੀ ਜਾਣ ਵਾਲੀ ਵਿਆਜ ਦੀ ਦਰ 3 ਸਾਲ ਦੀ ਅਵਧੀ ਵਾਲੇ ਡਿਪਾਜਿਟਸ ਤੇ ਲਾਗੂ ਹੋਣ ਵਾਲੀ ਵਿਆਜ ਦਰ ਤੋਂ ਵੱਧ ਨਾ ਹੋਵੇ।

2.2.ਬੀ ਵਿਆਜ ਦਾ ਭੁਗਤਾਨ

(i) ਬੈਂਕਾਂ ਦੁਆਰਾ ਬਚਤ ਰਾਸ਼ੀਆਂ ਅਤੇ ਐਨ ਆਰ ਈ ਡਿਪਾਜਿਟਸ ਸਮੇਤ ਮਿਆਦੀ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਾ ਭੁਗਤਾਨ ਇਸ ਸਰਕੂਲਰ ਨਾਲ ਨੱਥੀ ਅੰਤਿਕਾ 1 ਅਤੇ ਅੰਤਿਕਾ 2 ਵਿਚ ਨਿਰਧਾਰਿਤ ਦਰਾਂ ਅਨੁਸਾਰ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਬੈਂਕ ਨੂੰ ਪਰਿਪੱਕਤਾ ਦੀਆਂ ਵੱਖ-ਵੱਖ ਅਵਧੀਆਂ ਲਈ ਵਿਆਜ ਦਰਾਂ ਨਿਸ਼ਚਿਤ ਕਰਨ ਤੋਂ ਪਹਿਲਾਂ ਆਪਣੇ ਨਿਰਦੇਸ਼ਕ ਮੰਡਲ/ਐਸੇਟ ਲਾਇਬਿਲਿਟੀ ਮੈਨੇਜਮੈਂਟ ਕਮੇਟੀ (ਜੇਕਰ ਅਧਿਕਾਰਾਂ ਦੀ ਵੰਡ ਕੀਤੀ ਗਈ ਹੋਵੇ) ਦੀ ਮਨਜ਼ੂਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ।

(ii) ਅਜਿਹੀ ਵਿਆਜ ਦਾ ਭੁਗਤਾਨ ਤਿੰਨ ਮਹੀਨਿਆਂ ਬਾਅਦ ਜਾਂ ਇਸ ਤੋਂ ਲੰਮੇ ਸਮੇਂ ਬਾਅਦ ਕੀਤਾ ਜਾਣਾ ਚਾਹੀਦਾ ਹੈ।

(iii) ਬਚਤ ਰਾਸ਼ੀਆਂ ਦੇ ਮਾਮਲੇ ਵਿਚ ਵਿਆਜ ਦੀ ਗਣਨਾ ਹਰੇਕ ਮਹੀਨੇ ਦੀ 10 ਤਾਰੀਖ ਤੋਂ ਮਹੀਨੇ ਦੇ ਅਖੀਰਲੇ ਦਿਨ ਤੱਕ ਖਾਤੇ ਵਿਚਲੀ ਬਕਾਇਆ ਰਾਸ਼ੀ ਤੇ ਕੀਤੀ ਜਾਣੀ ਚਾਹੀਦੀ ਹੈ ਅਤੇ ਵਿਆਜ ਦੀ ਰਕਮ ਕੇਵਲ ਤਾਂ ਹੀ ਖਾਤੇ ਵਿਚ ਜਮ੍ਹਾਂ ਕੀਤੀ ਜਾਣੀ ਚਾਹੀਦੀ ਹੈ ਜੇਕਰ ਇਹ 1 ਰੁਪਏ ਜਾਂ ਇਸ ਤੋਂ ਵੱਧ ਹੋਵੇ।

## 2.2 ਸੀ ਪਰਿਵਰਤਨਸ਼ੀਲ ਵਿਆਜ ਦਰ ਵਾਲੇ ਡਿਪਾਜਿਟਸ

ਘਰੇਲੂ ਮਿਆਦੀ ਜਮ੍ਹਾਂ ਰਾਸ਼ੀਆਂ ਲਈ ਬੈਂਕਾਂ ਦੁਆਰਾ ਵਿਆਜ ਦੀਆਂ ਪਰਿਵਰਤਨਸ਼ੀਲ ਦਰਾਂ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ ਜੋ ਕਿ ਸਪਸ਼ਟ ਰੂਪ ਵਿਚ ਸੰਬੰਧਤ ਦਰ ਨਾਲ ਜੁੜਿਆ ਹੋਵੇ। ਪਰਿਵਰਤਨਸ਼ੀਲ ਦਰਾਂ ਤੇ ਜਮ੍ਹਾਂ ਰਾਸ਼ੀਆਂ ਸਬੰਧੀ ਉਦਪਾਦਾਂ ਦੀ ਪੇਸ਼ਕਸ਼ ਕਰਨ ਸਮੇਂ ਪਾਰਦਰਸ਼ਤਾ ਸੁਨਿਸ਼ਚਿਤ ਕਰਨ ਲਈ ਬੈਂਕਾਂ ਨੂੰ ਅੰਦਰੂਨੀ ਜਾਂ ਉਤਪੰਨ ਦਰਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਬੈਂਕਾਂ ਦੁਆਰਾ ਆਪਣੇ ਫਲੋਟਿੰਗ ਰੇਟ ਡਿਪਾਜਿਟਸ ਦਾ ਮੁਲਾਂਕਣ ਕਰਨ ਲਈ ਮਾਰਕੀਟ ਬੇਸਡ ਰੂਪੀ ਬੈਂਚ ਮਾਰਕ ਦਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਕਿ ਗ੍ਰਾਹਕਾਂ ਦੁਆਰਾ ਪਾਰਦਰਸ਼ੀ ਢੰਗ ਨਾਲ ਸਿੱਧੇ ਦੇਖੇ ਜਾ ਸਕਦੇ ਹਨ।

## 2.3 ਫਿਕਸਡ ਡਿਪਾਜਿਟਸ ਤੇ ਵਿਆਜ ਦਾ ਭੁਗਤਾਨ-ਵਿਆਜ ਦੀ ਗਣਨਾ ਦਾ ਢੰਗ

ਆਈ ਬੀ ਏ ਦੁਆਰਾ ਆਪਣੇ ਮੈਂਬਰ ਬੈਂਕਾਂ ਦੁਆਰਾ ਇਕ ਸਮਾਨ ਰੂਪ ਵਿਚ ਅਪਣਾਏ ਜਾਣ ਲਈ ਇੰਡੀਅਨ ਬੈਂਕਸ ਐਸੋਸੀਏਸ਼ਨ (ਆਈ ਬੀ ਏ ) ਕੋਡ ਫਾਰ ਬੈਕਿੰਗ ਪ੍ਰੈਕਟਿਸ ਜਾਰੀ ਕੀਤਾ ਹੈ। ਇਸ ਕੋਡ ਦਾ ਉਦੇਸ਼ ਘੱਟੋ ਘੱਟ ਮਿਆਦ ਨਿਰਧਾਰਿਤ ਕਰਕੇ ਬੈਂਕਾਂ ਦੀ ਚੰਗੀ ਵਿਵਹਾਰਕਤਾ ਨੂੰ ਵਧਾਉਣਾ ਹੈ, ਜਿਨ੍ਹਾਂ ਦਾ ਪਾਲਣ ਬੈਂਕਾਂ ਦੁਆਰਾ ਆਪਣੇ ਗ੍ਰਾਹਕਾਂ ਨਾਲ ਕਾਰੋਬਾਰ ਕਰਨ ਸਮੇਂ ਕਰਨਾ ਚਾਹੀਦਾ ਹੈ। ਘਰੇਲੂ ਜਮ੍ਹਾਂ ਰਾਸ਼ੀਆਂ ਤੇ ਵਿਆਜ ਦੀ ਗਣਨਾ ਲਈ ਆਈ ਬੀ ਏ ਨੇ ਆਦੇਸ਼ ਦਿੱਤਾ ਹੈ ਕਿ ਤਿੰਨ ਮਹੀਨਿਆਂ ਤੋਂ ਪਹਿਲਾਂ ਭੁਗਤਾਨਯੋਗ ਜਮ੍ਹਾਂ ਰਾਸ਼ੀਆਂ ਦੇ ਮਾਮਲੇ ਵਿਚ ਜਾਂ ਜਿੱਥੇ ਅਖੀਰਲੀ ਤਿਮਾਹੀ ਅਧੂਰੀ ਹੋਵੇ, ਉਥੇ ਵਿਆਜ ਦੀ ਭੁਗਤਾਨ 365 ਦਿਨਾਂ ਦੇ ਸਾਲ ਦੇ ਆਧਾਰ ਤੇ ਜਮ੍ਹਾਂ ਰਾਸ਼ੀ ਦੇ ਅਸਲ ਦਿਨਾਂ ਲਈ ਸਮਾਨਪਾਤੀ ਢੰਗ ਨਾਲ ਕੀਤੀ ਜਾਣੀ ਚਾਹੀਦੀ ਹੈ। ਕੁਝ ਬੈਂਕ ਲੀਪ ਦੇ ਵਰ੍ਹੇ ਲਈ 366 ਦਿਨ ਅਤੇ ਬਾਕੀ ਦੇ ਸਾਲਾਂ ਲਈ 365 ਦਿਨ ਲੈਂਦੇ ਹਨ। ਜਦੋਂ ਕਿ ਬੈਂਕ ਕੋਈ ਵੀ ਵਿਧੀ ਅਪਣਾਉਣ ਲਈ ਆਜ਼ਾਦ ਹਨ, ਪਰੰਤੂ ਬੈਂਕਾਂ ਨੂੰ ਚਾਹੀਦਾ ਹੈ ਕਿ ਉਹ ਡਿਪਾਜਿਟਸ ਸਵੀਕਾਰ ਕਰਨ ਸਮੇਂ ਵਿਆਜ ਦੀ ਗਣਨਾ ਦੀ ਵਿਧੀ ਬਾਰੇ

ਆਪਣੇ ਗ੍ਰਾਹਕਾਂ ਨੂੰ ਉਚਿੱਤ ਢੰਗ ਨਾਲ ਸੂਚਿਤ ਕਰਨ ਅਤੇ ਇਸ ਸੂਚਨਾ ਨੂੰ ਉਚਿੱਤ ਤਰੀਕੇ ਨਾਲ ਆਪਣੀਆਂ ਸ਼ਾਖਾਵਾਂ ਵਿਚ ਪ੍ਰਦਰਸ਼ਿਤ ਕਰਨ।

**2.4 ਆਰਮੀ ਗਰੁੱਪ ਇੰਸੋਰੈਂਸ਼ ਡਾਇਰੈਕਟੋਰੇਟ ਨੂੰ (ਏ ਜੀ ਆਈ ਡੀ )**
**ਨੈਵਲ ਗਰੁੱਪ ਬੀਮਾ ਫੰਡ (ਐਨ ਜੀ ਆਈ ਐਫ) ਅਤੇ**
**ਏਅਰ ਫੋਰਸ ਗਰੁੱਪ ਇੰਸੋਰੈਂਸ਼ ਸੋਸਾਇਟੀ (ਏ ਐਫ ਜੀ ਆਈ ਐਸ) ਲਈ ਅਤਿਰਿਕਤ ਵਿਆਜ**

ਸਰਕਾਰੀ ਖੇਤਰ ਦੇ ਬੈਂਕ ਨੂੰ ਇਜਾਜ਼ਤ ਹੈ ਕਿ ਉਹ ਕੇਵਲ ਆਰਮੀ ਗਰੁੱਪ ਇੰਸ਼ੋਰੈਂਸ਼ ਡਾਇਰੈਕਟੋਰੇਟ (ਏ ਜੀ ਆਈ ਡੀ) ਨੈਵਲ ਗਰੁੱਪ ਇੰਸ਼ੋਰੈਂਸ਼ ਫੰਡ (ਐਨ ਜੀ ਆਈ ਐਫ) ਅਤੇ ਏਅਰ ਫੋਰਸ ਗਰੁੱਪ ਇੰਸ਼ੋਰੈਂਸ਼ ਸੋਸਾਇਟੀ (ਏ ਐਫ ਜੀ ਆਈ ਐਸ) ਦੀਆਂ 2 ਸਾਲ ਜਾਂ ਇਸ ਤੋਂ ਵੱਧ ਅਵਧੀ ਲਈ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਬਾਰੇ ਭਾਰਤੀ ਰਿਜ਼ਰਵ ਬੈਂਕ ਦੁਆਰਾ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾ ਅਨੁਸਾਰ ਉਚਿੱਤ ਸਾਧਾਰਨ ਵਿਆਜ ਦਰ ਤੋਂ ਵੱਧ 1.28% ਪ੍ਰਤੀ ਸਾਲ ਦੇ ਹਿਸਾਬ ਨਾਲ ਅਤਿਰਿਕਤ ਵਿਆਜ ਦੇ ਸਕਦਾ ਹੈ ਬਸ਼ਰਤੇ ਕਿ ਅਜਿਹੀਆਂ ਰਾਸ਼ੀਆਂ ਕਿਸੇ ਵੀ ਤਰ੍ਹਾਂ ਬੈਂਕ ਦੁਆਰਾ ਬੀਮੇ ਦੀਆਂ ਕਿਸ਼ਤਾਂ ਦੇ ਭੁਗਤਾਨ ਨਾਲ ਜੁੜੀਆਂ ਨਾ ਹੋਣ।

**2.5 ਖੇਤਰੀ ਪੇਂਡੂ ਬੈਂਕਾਂ/ਸਥਾਨਕ ਖੇਤਰ ਦੇ ਬੈਂਕਾਂ ਨੂੰ ਅਤਿਰਿਕਤ ਵਿਆਜ ਦੇ ਭੁਗਤਾਨ ਦਾ ਸਵੈ-ਇੱਛਾ ਦਾ ਅਧਿਕਾਰ**

ਖੇਤਰੀ ਪੇਂਡੂ ਬੈਂਕ/ਸਥਾਨਕ ਖੇਤਰੀ ਬੈਂਕ, ਆਪਣੀ ਇੱਛਾ ਨਾਲ, ਬਚਤ ਰਾਸ਼ੀਆਂ ਤੇ ਅੱਧੀ ਫੀਸਦੀ ਪ੍ਰਤੀ ਸਾਲ ਦੇ ਹਿਸਾਬ ਨਾਲ ਅਤਿਰਿਕਤ ਵਿਆਜ ਦੇ ਸਕਦੇ ਹਨ। ਪਰੰਤੂ, ਇਨ੍ਹਾਂ ਬੈਂਕਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਬਚਤ ਖਾਤਿਆਂ ਤੇ ਵਪਾਰਕ ਬੈਂਕਾਂ ਦੁਆਰਾ ਭੁਗਤਾਨ ਯੋਗ ਵਿਆਜ ਤੋਂ ਵੱਧ ਵਿਆਜ ਨਾ ਦੇਣ।

2.6 ਬੈਂਕਾਂ ਦੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਵਿਸ਼ੇਸ਼ ਸਹਿਯੋਗੀਆਂ ਦੀਆਂ ਜਮ੍ਹਾਂ ਰਾਸ਼ੀਆਂ ਤੇ ਅਤਿਰਿਕਤ ਵਿਆਜ, ਜੋ ਕਿ 1 ਫੀਸਦੀ ਤੋਂ ਵੱਧ ਨਾ ਹੋਵੇ, ਦੇ ਭੁਗਤਾਨ ਦਾ ਸਵੈ-ਇੱਛਾ ਦਾ ਅਧਿਕਾਰ

ਕੋਈ ਵੀ ਬੈਂਕ, ਆਪਣੀ ਇੱਛਾ ਨਾਲ, ਹੇਠ ਲਿਖੀਆਂ ਸ਼ਰਤਾਂ ਅਧੀਨ ਅੰਤਿਕਾ 1 ਅਤੇ 2 ਵਿਚ ਨਿਰਧਾਰਤ ਵਿਆਜ ਦਰ ਤੋਂ ਇਲਾਵਾ ਅਤਿਰਿਕਤ ਵਿਆਜ ਦੀ ਆਗਿਆ ਦੇ ਸਕਦਾ ਹੈ ਜੋ ਕਿ 1 ਫੀਸਦੀ ਪ੍ਰਤੀ ਸਾਲ ਤੋਂ ਵੱਧ ਨਾ ਹੋਵੇ।

2.6.1 ਕਿਸੇ ਬਚਤ ਖਾਤੇ ਮਿਆਦੀ ਖਾਤੇ ਦੇ ਸਬੰਧ ਵਿਚ ਜੋ ਕਿ

(ਏ) ਬੈਂਕ ਦੇ ਕਰਮਚਾਰੀ ਜਾਂ ਸੇਵਾਮੁਕਤ ਕਰਮਚਾਰੀ ਦੁਆਰਾ ਇਕੱਲਿਆਂ ਜਾਂ ਆਪਣੇ ਪਰਿਵਾਰ ਦੇ ਨਾਲ ਸੰਯੁਕਤ ਰੂਪ ਵਿਚ ਖੋਲ੍ਹਿਆ ਗਿਆ ਹੋਵੇ ਜਾਂ,

(ਬੀ) ਬੈਂਕ ਦੇ ਮ੍ਰਿਤਕ ਕਰਮਚਾਰੀ ਦੇ ਪਤੀ/ਪਤਨੀ ਜਾਂ ਕਿਸੇ ਮ੍ਰਿਤਕ ਸੇਵਾ ਮੁਕਤ ਕਰਮਚਾਰੀ ਦੇ ਨਾਮ ਤੇ ਖੋਲ੍ਹਿਆ ਗਿਆ ਹੋਵੇ, ਅਤੇ

(ਸੀ) ਕਿਸੇ ਐਸੋਸੀਏਸ਼ਨ ਜਾਂ ਕਿਸੇ ਜਿਸ ਦੇ ਮੈਂਬਰ ਬੈਂਕ ਕਰਮਚਾਰੀ ਹੋਣ ਦੇ ਨਾਮ ਤੇ ਖੋਲ੍ਹਿਆ ਗਿਆ ਹੋਵੇ।

ਬੈਂਕ ਨੂੰ ਸੰਬੰਧਿਤ ਖਾਤੇਦਾਰ ਤੋਂ ਇਹ ਬਿਆਨ ਪ੍ਰਾਪਤ ਕਰ ਲੈਣਾ ਚਾਹੀਦਾ ਹੈ ਕਿ ਅਜਿਹੇ ਖਾਤੇ ਵਿਚ ਸਮੇਂ-ਸਮੇਂ ਤੇ ਜਮ੍ਹਾਂ ਕਰਵਾਈ ਗਈਆਂ ਜਾ ਕਰਵਾਈਆਂ ਜਾਣ ਵਾਲੀਆਂ ਰਾਸ਼ੀਆਂ ਦੀ ਸਬੰਧ ਉਪਰੋਕਤ ਕਲਾਜ਼ਾਂ (ਏ) ਤੋਂ (ਸੀ) ਵਿਚ ਦੱਸੇ ਖਾਤੇਦਾਰ ਨਾਲ ਹੈ।

2.6.2 ਸਬ ਪੈਰਾਗ੍ਰਾਫ 2.6.1 ਦੇ ਉਦੇਸ਼ ਲਈ

(i) ਬੈਂਕ ਕਰਮਚਾਰੀ ਦਾ ਅਰਥ ਹੈ ਨਿਯਮਿਤ ਆਧਾਰ ਤੇ ਬੈਂਕ ਵਿਚ ਨੌਕਰੀ ਕਰ ਰਿਹਾ ਕੋਈ ਵੀ ਵਿਅਕਤੀ ਭਾਵੇਂ ਉਹ ਪੂਰਣ ਕਾਲਿਕ ਹੋਵੇ ਜਾਂ ਅੰਸ਼ ਕਾਲਿਕ, ਅਤੇ ਇਸ ਵਿਚ ਪਰਖ ਅਧੀਨ ਭਰਤੀ ਕੀਤਾ ਗਿਆ ਕੋਈ ਵਿਅਕਤੀ ਜਾਂ ਇਕ ਨਿਸ਼ਚਿਤ ਅਵਧੀ ਲਈ ਠੇਕੇ ਤੇ ਜਾਂ ਪ੍ਰਤੀ ਨਿਯੁਕਤੀ ਤੇ ਨਿਯੁਕਤ

ਕੀਤਾ ਗਿਆ ਵਿਅਕਤੀ ਅਤੇ ਸੰਯੋਜਨ ਦੀ ਕਿਸੇ ਯੋਜਨਾ ਦੇ ਨਤੀਜੇ ਵਜੋਂ ਅਪਣਾਇਆ ਗਿਆ ਕੋਈ ਕਰਮਚਾਰੀ ਸ਼ਾਮਲ ਹੁੰਦਾ ਹੈ ਪਰੰਤੂ ਜਿਸ ਵਿਚ ਅਨਿਯਮਤ ਆਧਾਰ ਤੇ ਨਿਯੁਕਤ ਕੀਤਾ ਗਿਆ ਕੋਈ ਵਿਅਕਤੀ ਸ਼ਾਮਲ ਨਹੀਂ ਹੁੰਦਾ।

(ੳ) ਕਿਸੇ ਹੋਰ ਬੈਂਕ ਤੋਂ ਪ੍ਰਤੀ ਨਿਯੁਕਤੀ ਤੇ ਲਏ ਗਏ ਕਰਮਚਾਰੀਆਂ ਦੇ ਮਾਮਲੇ ਵਿਚ ਉਹ ਬੈਂਕ ਜਿਸ ਤੋਂ ਉਨ੍ਹਾਂ ਨੂੰ ਪ੍ਰਤੀ ਨਿਯੁਕਤੀ ਤੇ ਲਿਆ ਗਿਆ ਹੈ, ਪ੍ਰਤੀ-ਨਿਯੁਕਤੀ ਦੀ ਉਸੇ ਅਵਧੀ ਦੌਰਾਨ ਉਨ੍ਹਾਂ ਦੇ ਬਚਤ ਖਾਤੇ ਜਾਂ ਮਿਆਦੀ ਜਮ੍ਹਾਂ ਖਾਤੇ ਦੇ ਸਬੰਧ ਵਿਚ ਅਤਿਰਿਕਤ ਵਿਆਜ ਦੇ ਸਕਦਾ ਹੈ;

(ਅ) ਨਿਸ਼ਚਿਤ ਅਵਧੀ ਲਈ ਪ੍ਰਤੀ ਨਿਯੁਕਤ ਜਾਂ ਨਿਸ਼ਚਿਤ ਅਵਧੀ ਲਈ ਠੇਕੇ ਤੇ ਰੱਖੇ ਗਏ ਵਿਅਕਤੀਆਂ ਦਾ ਮਾਮਲੇ ਵਿਚ ਪ੍ਰਤੀ ਨਿਯੁਕਤੀ ਜਾਂ ਠੇਕੇ ਦੀ ਅਵਧੀ ਸਮਾਪਤ ਹੋਣ ਤੇ ਅਤਿਰਿਕਤ ਵਿਆਜ ਦਾ ਲਾਭ ਮਿਲਣਾ ਬੰਦ ਹੋ ਜਾਵੇਗਾ।

(ii) ਬੈਂਕ ਦੇ ਸੇਵਾ ਮੁਕਤ ਕਮਰਚਾਰੀ ਦਾ ਅਰਥ ਹੈ ਕੋਈ ਵੀ ਅਜਿਹਾ ਕਰਮਚਾਰੀ ਜੋ ਕਿ ਸੇਵਾ ਮੁਕਤੀ ਲਈ ਉਮਰ ਪੂਰੀ ਹੋਣ ਤੇ ਜਾਂ ਬੈਂਕ ਦੇ ਸਰਵਿਸ/ਸਟਾਫ ਰੈਗੂਲੇਸ਼ਨਜ ਵਿਚਲੇ ਪ੍ਰਾਵਧਾਨਾ ਅਨੁਸਾਰ ਕਿਸੇ ਹੋਰ ਢੰਗ ਨਾਲ ਸੇਵਾ ਮੁਕਤ ਹੋਇਆ ਹੋਵੇ ਪਰੰਤੂ ਜਿਸ ਵਿਚ ਕੋਈ ਵੀ ਅਜਿਹਾ ਵਿਅਕਤੀ ਸ਼ਾਮਲ ਨਹੀਂ ਹੁੰਦਾ ਜਿਸ ਨੂੰ ਜਬਰੀ ਜਾਂ ਅਨੁਸ਼ਾਸ਼ਨਾਤਮਕ ਕਾਰਵਾਈ ਦੇ ਨਤੀਜੇ ਵਜੋਂ ਸੇਵਾ ਮੁਕਤ ਕੀਤਾ ਗਿਆ ਹੋਵੇ;

(iii) ਪਰਿਵਾਰ ਦਾ ਅਰਥ ਅਤੇ ਇਸ ਵਿਚ ਬੈਂਕ ਦੇ ਕਿਸੇ ਕਰਮਚਾਰੀ/ਸੇਵਾ ਮੁਕਤ ਕਰਮਚਾਰੀ ਦਾ ਪਤੀ/ਪਤਨੀ ਅਤੇ ਉਸਦੇ ਉਹ ਬੱਚੇ, ਮਾਤਾ ਪਿਤਾ, ਭਰਾ ਅਤੇ ਭੈਣਾਂ ਸ਼ਾਮਲ ਹਨ ਜੋ ਕਿ ਉਸ ਕਰਮਚਾਰੀ/ਸੇਵਾ ਮੁਕਤ ਕਰਮਚਾਰੀ ਤੇ

ਨਿਰਭਰ ਹਨ ਪਰੰਤੂ ਜਿਸ ਵਿਚ ਕਾਨੂੰਨੀ ਤੌਰ ਤੇ ਅੱਡ ਹੋਏ ਪਤੀ/ਪਤਨੀ ਸ਼ਾਮਲ ਨਹੀਂ ਹਨ।

2.6.3 ਅਤਿਰਿਕਤ ਵਿਆਜ ਦਾ ਭੁਗਤਾਨ ਹੇਠ ਲਿਖੀਆਂ ਸ਼ਰਤਾਂ ਅਧੀਨ ਕੀਤਾ ਜਾ ਸਕਦਾ ਹੈ:-

(i) ਅਤਿਰਿਕਤ ਵਿਆਜ ਕੇਵਲ ਉਦੋਂ ਤੱਕ ਭੁਗਤਾਨ ਯੋਗ ਹੈ ਜਦੋਂ ਤੱਕ ਕਿ ਉਹ ਵਿਅਕਤੀ ਇਸ ਨੂੰ ਪ੍ਰਾਪਤ ਕਰਨ ਦੇ ਯੋਗ ਹੈ ਅਤੇ ਉਸ ਦੀ ਯੋਗਤਾ ਸਮਾਪਤ ਹੋ ਜਾਣ ਦੀ ਸੂਰਤ ਵਿਚ ਮਿਆਦੀ ਖਾਤੇ ਦੀ ਪਰਿਪੱਕਤਾ ਦੀ ਮਿਤੀ ਤੱਕ।

(ii) ਕਿਸੇ ਸੰਯੋਜਨ ਯੋਜਨਾ ਦੇ ਨਤੀਜੇ ਵਜੋਂ ਅਪਣਾਏ ਗਏ ਕਰਮਚਾਰੀਆਂ ਦੇ ਮਾਮਲੇ ਵਿਚ ਉਨ੍ਹਾਂ ਨੂੰ ਅਤਿਰਿਕਤ ਵਿਆਜ ਕੇਵਲ ਉਦੋਂ ਹੀ ਦਿੱਤਾ ਜਾਂਦਾ ਹੈ ਜੇਕਰ ਪ੍ਰਚਲਿਤ ਵਿਆਜ ਦਰ ਅਤੇ ਅਤਿਰਿਕਤ ਵਿਆਜ ਉਸ ਵਿਆਜ ਦਰ ਤੋਂ ਵੱਧ ਨਾ ਹੋਵੇ ਜੋ ਕਿ ਉਸ ਬੈਂਕ ਦੇ ਮੂਲ ਕਰਮਚਾਰੀਆਂ ਨੂੰ ਦਿੱਤੀ ਜਾ ਸਕਦੀ ਹੈ।

2.6.4 ਬੈਂਕ ਕਰਮਚਾਰੀਆਂ ਦੇ ਉਹ ਸੰਘ ਜਿਨ੍ਹਾਂ ਵਿਚ ਬੈਂਕ ਦੇ ਕਰਮਚਾਰੀ ਸਿੱਧੇ ਤੌਰ ਤੇ ਮੈਂਬਰ ਨਹੀਂ ਹਨ, ਉਨ੍ਹਾਂ ਅਤਿਰਿਕਤ ਵਿਆਜ ਨਹੀਂ ਦਿੱਤਾ ਜਾ ਸਕਦਾ ਹੈ।

2.6.5 ਘਰੇਲੂ ਜਮ੍ਹਾਂ ਰਾਸ਼ੀਆਂ ਦੀ ਸੂਰਤ ਵਿਚ ਬੈਂਕਾਂ ਲਈ ਇਹ ਉਚਿੱਤ ਹੋਵੇਗਾ ਕਿ ਉਹ ਆਪਣੇ ਸੇਵਾ ਮੁਕਤ ਕਰਮਚਾਰੀਆਂ ਨੂੰ ਜੋ ਵਰਿਸ਼ਠ ਨਾਗਰਿਕ ਹੋਣ, ਵਰਿਸ਼ਠ ਨਾਗਰਿਕਾਂ (60 ਸਾਲ ਜਾਂ ਉਸ ਤੋਂ ਉਪਰ ਦੀ ਉਮਰ ਵਾਲੇ) ਦੀ ਤਰ੍ਹਾਂ ਅਤਿਰਿਕਤ ਵਿਆਜ ਦਾ ਲਾਭ ਦੇਣ ਜੋ ਕਿ ਅਤਿਰਿਕਤ ਵਿਆਜ ਤੋਂ ਇਕ ਫੀਸਦੀ ਤੋਂ ਵੱਧ ਨਾ ਹੋਵੇ ਕਿਉਂਕਿ ਉਹ ਬੈਂਕ ਦੇ ਸੇਵਾ ਮੁਕਤ ਕਰਮਚਾਰੀ ਹਨ।

2.6.6 ਬੈਂਕ ਕਰਮਚਾਰੀਆਂ ਦੇ ਨਾਨ-ਰੈਜ਼ੀਡੈਂਟ (ਐਕਸਟਰਨਲ) ਜਮ੍ਹਾਂ ਖਾਤਿਆਂ ਦੇ ਮਾਮਲੇ ਵਿਚ ਭਾਵੇਂ ਉਹ ਸੇਵਾਰਤ ਜਾਂ ਸੇਵਾਮੁਕਤ ਹੋਣ ਉਨ੍ਹਾਂ ਬੈਂਕ ਕਰਮਚਾਰੀ ਹੋਣ ਦੇ ਨਾਤੇ ਅਤਿਰਿਕਤ ਵਿਆਜ ਸਮੇਤ ਦਿੱਤੀ ਜਾਣ ਵਾਲੀ ਵਿਆਜ ਆਰ ਬੀ ਆਈ ਦੁਆਰਾ ਨਿਰਧਾਰਿਤ ਸੀਮਾ ਤੋਂ ਵੱਧ ਨਹੀਂ ਹੋਣੀ ਚਾਹੀਦੀ।

**2.7 ਬੈਂਕ ਦੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ ਅਤੇ ਕਾਰਜਕਾਰੀ ਨਿਰਦੇਸ਼ਕਾਂ ਦੀਆਂ ਜਮ੍ਹਾਂ ਰਾਸ਼ੀਆਂ ਤੇ ਅਤਿਰਿਕਤ ਵਿਆਜ ਦੇ ਭੁਗਤਾਨ ਦਾ ਸਵੈਇੱਛਾ ਦਾ ਅਧਿਕਾਰ**

ਕੋਈ ਵੀ ਬੈਂਕ ਆਪਣੀ ਇੱਛਾ ਨਾਲ ਆਪਣੇ ਚੇਅਰਮੈਨ ਅਤੇ ਪ੍ਰਬੰਧ ਨਿਰਦੇਸ਼ਕ, ਕਾਰਜਕਾਰੀ ਨਿਰਦੇਸ਼ਕ ਜਾਂ ਨਿਸ਼ਚਿਤ ਅਵਧੀ ਲਈ ਨਿਯੁਕਤ ਕੀਤੇ ਕਾਰਜਕਾਰੀ ਅਧਿਕਾਰੀ ਤੋਂ ਸਵੀਕਾਰ/ਪ੍ਰਾਪਤ ਕੀਤੀਆਂ ਜਮ੍ਹਾਂ ਰਾਸ਼ੀਆਂ ਤੇ ਅਤਿਰਿਕਤ ਵਿਆਜ ਦਾ ਭੁਗਤਾਨ ਕਰ ਸਕਦਾ ਹੈ ਜੋ ਕਿ ਇਸ ਸਰਕੂਲਰ ਨਾਲ ਨੱਥੀ ਅੰਤਿਕਾ 1ਅਤੇ2 ਵਿਚ ਉਪਰੋਕਤ ਪੈਰਾ 2.6 ਅਧੀਨ ਇਹ ਲਾਭ ਆਪਣੀ ਨਿਯੁਕਤੀ ਦੀ ਅਵਧੀ ਦੌਰਾਨ ਹੀ ਪ੍ਰਾਪਤ ਕਰ ਸਕਦੇ ਹਨ।

**2.8 ਆਰ ਆਰ ਬੀਜ਼ ਦੁਆਰਾ ਪ੍ਰਾਯੋਜਕ ਬੈਂਕ ਵਿਚ ਖੋਲ੍ਹੇ ਗਏ ਚਾਲੂ ਖਾਤੇ ਤੇ ਵਿਆਜ ਦੇ ਭੁਗਤਾਨ ਦਾ ਸਵੈਇੱਛਾ ਦਾ ਅਧਿਕਾਰ**

ਕੋਈ ਵੀ ਬੈਂਕ ਆਪਣੇ ਵਲੋਂ ਪ੍ਰਾਯੋਜਿਤ ਖੇਤਰੀ ਗ੍ਰਾਮੀਣ ਬੈਂਕ ਦੇ ਚਾਲੂ ਖਾਤੇ ਤੇ ਵਿਆਜ ਦਾ ਭੁਗਤਾਨ ਕਰ ਸਕਦਾ ਹੈ। ਪਰੰਤੂ ਬੈਂਕਾਂ ਨੂੰ ਆਰ ਆਰ ਬੀਜ਼ ਦੇ ਚਾਲੂ ਖਾਤਿਆਂ ਤੇ ਵਿਆਜ ਨਾ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

**2.9 ਕਿਸੇ ਕਿਸਾਨ ਦੇ ਕੰਪੋਜਿਟ ਕੈਸ਼ ਕ੍ਰੈਡਿਟ ਖਾਤੇ ਵਿਚਲੀ ਘੱਟੋ ਘੱਟ ਬਕਾਇਆ ਰਾਸ਼ੀ ਤੇ ਵਿਆਜ ਦੇ ਭੁਗਤਾਨ ਦਾ ਸਵੈਇੱਛਾ ਦਾ ਅਧਿਕਾਰ**

ਕੋਈ ਵੀ ਬੈਂਕ ਆਪਣੀ ਇੱਛਾ ਨਾਲ ਕਿਸੇ ਕਿਸਾਨ ਦੇ ਕੰਪੋਜਿਟ ਕੈਸ਼ ਕ੍ਰੈਡਿਟ ਖਾਤੇ ਵਿਚ ਹਰੇਕ ਮਹੀਨੇ ਦੀ 10 ਤਾਰੀਖ ਤੋਂ ਮਹੀਨੇ ਦੇ ਅਖੀਰਲੇ ਦਿਨ ਤੱਕ ਘੱਟੋ ਘੱਟ ਬਕਾਇਆ ਜਮ੍ਹਾਂ ਰਾਸ਼ੀਆਂ ਤੇ ਆਪਣੀ ਸਮਝ ਅਤੇ ਹੋਰ ਉਚਿੱਤ ਕਾਰਕਾਂ ਤੇ ਆਧਾਰਿਤ ਵਿਆਜ ਦਾ ਭੁਗਤਾਨ ਕਰ ਸਕਦਾ ਹੈ।

## 2.10 ਬਜ਼ੁਰਗਾਂ ਲਈ ਜਮ੍ਹਾਂ ਯੋਗਤਾ

ਬੈਂਕਾਂ ਨੂੰ ਇਜਾਜਤ ਦਿੱਤੀ ਗਈ ਹੈ ਕਿ ਉਹ ਆਪਣੇ ਨਿਰਦੇਸ਼ਕ ਮੰਡਲ ਦੀ ਮਨਜ਼ੂਰੀ ਨਾਲ ਭਾਰਤ ਵਿਚ ਰਹਿਣ ਵਾਲੇ ਵਰਿਸ਼ਠ ਨਾਗਰਿਕਾਂ ਲਈ ਫਿਕਸਡ ਜਮ੍ਹਾਂ ਰਾਸ਼ੀਆਂ ਦੀ ਯੋਜਨਾ ਤਿਆਰ ਕਰਨ ਜਿਸ ਵਿਚ ਕਿਸੇ ਵੀ ਆਕਾਰ ਦੀਆਂ ਜਮ੍ਹਾਂ ਰਾਸ਼ੀਆਂ ਲਈ ਸਾਧਾਰਨ ਵਿਆਜ ਤੋਂ ਵੱਧ ਵਿਆਜ ਦੀ ਪੇਸ਼ਕਸ਼ ਕੀਤੀ ਗਈ ਹੋਵੇ। ਇਨ੍ਹਾਂ ਯੋਜਨਾਵਾਂ ਵਿਚ ਖਾਤੇਦਾਰ ਦੀ ਮੌਤ ਦੀ ਸੂਰਤ ਵਿਚ ਜਮ੍ਹਾਂ ਰਾਸ਼ੀ ਦੇ ਨੌਮਿਨੀ ਦੇ ਨਾਮ ਖੁਦ-ਬਖੁਦ ਟ੍ਰਾਂਸਫਰ ਦੀ ਸਰਲ ਪ੍ਰਕ੍ਰਿਆ ਵੀ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ।

## 2.11 ਮਿਆਦੀ ਜਮ੍ਹਾਂ ਰਾਸ਼ੀ ਨੂੰ ਸਮਾਂ ਪੂਰਾ ਹੋਣ ਤੋਂ ਪਹਿਲਾਂ ਕਢਵਾਉਣਾ

(i) ਖਾਤੇਦਾਰ ਵਲੋਂ ਬੇਨਤੀ ਕੀਤੇ ਜਾਣ ਤੇ ਬੈਂਕ ਨੂੰ ਰਾਸ਼ੀ ਜਮ੍ਹਾਂ ਕਰਵਾਉਣ ਸਮੇਂ ਸਹਿਮਤ ਮਿਆਦ ਦੇ ਪੂਰਾ ਹੋਣ ਤੋਂ ਪਹਿਲਾਂ ਰਾਸ਼ੀ ਕਢਵਾਉਣ ਦੀ ਆਗਿਆ ਦੇ ਦੇਣੀ ਚਾਹੀਦੀ ਹੈ। ਬੈਂਕ ਨੂੰ ਸਮਾਂ ਪੂਰਾ ਹੋਣ ਤੋਂ ਪਹਿਲਾਂ ਕਢਵਾਈਆਂ ਜਾਣ ਵਾਲੀਆਂ ਰਾਸ਼ੀਆਂ ਤੇ ਜੁਰਮਾਨੇ ਦੀ ਵਿਆਜ ਦਰ ਨਿਸ਼ਚਿਤ ਕਰਨ ਦਾ ਅਧਿਕਾਰ ਹੋਵੇਗਾ। ਬੈਂਕ ਦੁਆਰਾ ਖਾਤੇਦਾਰ ਨੂੰ ਜਮ੍ਹਾਂ ਰਾਸ਼ੀ ਤੇ ਲਾਗੂ ਹੋਣ ਵਾਲੀ ਵਿਆਜ ਦਰ ਅਤੇ ਜੁਰਮਾਨੇ ਦੀ ਵਿਆਜ ਦੀ ਜਾਣਕਾਰੀ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਸਮਾਂ ਪੂਰਾ ਹੋਣ ਤੋਂ ਪਹਿਲਾਂ ਬੰਦ ਕੀਤੇ ਗਏ ਖਾਤਿਆਂ ਤੇ ਕੇਵਲ ਉਸ ਅਵਧੀ ਲਈ ਲਾਗੂ ਹੋਣ ਵਾਲੀ ਵਿਆਜ ਦਰ ਤੇ

ਹੀ ਵਿਆਜ ਦਿੱਤਾ ਜਾਵੇਗਾ ਜਿਸ ਅਵਧੀ ਲਈ ਉਹ ਰਾਸ਼ੀ ਜਮ੍ਹਾਂ ਰਹੀ ਹੈ, ਨਾ ਕਿ ਤ੍ਰੈਸੁਦਾ ਦਰ ਤੇ। ਜਿੱਥੇ ਕੋਈ ਰਾਸ਼ੀ ਨਿਰਧਾਰਿਤ ਕੀਤੀ ਗਈ ਘੱਟੋ ਘੱਟ ਅਵਧੀ ਤੋਂ ਪਹਿਲਾਂ ਕਢਵਾ ਲਈ ਜਾਂਦੀ ਹੈ ਉਥੇ ਕੋਈ ਵਿਆਜ ਨਹੀਂ ਦਿੱਤਾ ਜਾਂਦਾ। ਪਰੰਤੂ ਬੈਂਕ ਆਪਣੀ ਇੱਛਾ ਨਾਲ, ਨਿਜੀ ਵਿਅਕਤੀਆਂ ਅਤੇ ਸੰਯੁਕਤ ਹਿੰਦੂ ਪਰਿਵਾਰਾਂ ਤੋਂ ਇਲਾਵਾ ਹੋਰ ਕਿਸੇ ਵੀ ਸੰਸਥਾਵਾਂ ਦੀਆਂ ਵੱਡੀਆਂ ਜਮ੍ਹਾਂ ਰਾਸ਼ੀਆਂ ਨੂੰ ਸਮਾਂ ਪੂਰਾ ਹੋਣ ਤੋਂ ਪਹਿਲਾਂ ਜਮ੍ਹਾਂ ਰਾਸ਼ੀਆਂ ਕਢਵਾਉਣ ਦੀ ਆਗਿਆ ਨਾ ਦੇਣ ਬਾਰੇ ਆਪਣੀ ਨੀਤੀ ਦੀ ਸੂਚਨਾ ਖਾਤੇਦਾਰਾਂ ਨੂੰ ਪਹਿਲਾਂ ਤੋਂ ਦੇਣੀ ਚਾਹੀਦੀ ਹੈ, ਅਰਥਾਤ ਅਜਿਹੀਆਂ ਜਮ੍ਹਾਂ ਰਾਸ਼ੀਆਂ ਨੂੰ ਸਵੀਕਾਰ ਕਰਨ ਸਮੇਂ।

(ii) ਐਨ ਆਰ ਈ ਮਿਆਦੀ ਜਮ੍ਹਾਂ ਰਾਸ਼ੀਆਂ ਨੂੰ ਰੈਜ਼ੀਡੈਂਟ ਫਾਰਨ ਕਰੰਸੀ (ਆਰ ਐਫ ਸੀ) ਖਾਤੇ ਵਿਚ ਰੁਪਾਂਤਰਣ ਲਈ ਸਮਾਂ ਪੂਰਾ ਹੋਣ ਤੋਂ ਪਹਿਲਾ ਕਢਵਾਉਣ ਦੀ ਸੂਰਤ ਵਿਚ ਬੈਂਕ ਦੁਆਰਾ ਕੋਈ ਜੁਰਮਾਨਾ ਨਹੀਂ ਲਿਆ ਜਾਣਾ ਚਾਹੀਦਾ। ਜੇਕਰ ਕੋਈ ਅਜਿਹੀ ਜਮ੍ਹਾਂ ਰਾਸ਼ੀ ਘੱਟੋ ਘੱਟ ਇਕ ਸਾਲ ਤੱਕ ਜਮ੍ਹਾਂ ਨਾ ਰੱਖੀ ਗਈ ਹੋਵੇ ਤਾਂ ਬੈਂਕ ਆਪਣੀ ਇੱਛਾ ਅਨੁਸਾਰ ਉਸ ਵਿਆਜ ਦਰ ਤੇ ਵਿਆਜ ਦੇ ਸਕਦਾ ਹੈ ਜੋ ਕਿ ਆਰ ਐਫ ਸੀ ਬਚਤ ਖਾਤਿਆਂ ਵਿਚਲੀ ਜਮ੍ਹਾਂ ਰਾਸ਼ੀਆਂ ਤੇ ਦਿੱਤਾ ਜਾਂਦਾ ਹੈ ਬਸ਼ਰਤੇ ਰੂਪਾਂਤਰਣ ਲਈ ਅਜਿਹੀ ਬੇਨਤੀ ਐਨ ਆਰ ਈ ਖਾਤਾਧਾਰਕ ਵਲੋਂ ਵਿਦੇਸ਼ ਤੋਂ ਭਾਰਤ ਪਰਤਣ ਦੇ ਤੁਰੰਤ ਬਾਅਦ ਕੀਤੀ ਗਈ ਹੋਵੇ।

(iii) ਐਨ ਆਰ ਈ ਜਮ੍ਹਾਂ ਰਾਸ਼ੀਆਂ ਨੂੰ ਅਵਧੀ ਪੂਰੀ ਹੋਣ ਤੋਂ ਪਹਿਲਾਂ ਐਫ ਸੀ ਐਨ ਆਰ (ਬੀ) ਜਮ੍ਹਾਂ ਰਾਸ਼ੀਆਂ ਵਿਚ ਰੁਪਾਂਤਰਣ ਜਾਂ ਇਸ ਦੇ ਉਲਟ ਕਾਰਵਾਈ ਲਈ ਅਵਧੀ ਪੂਰੀ ਹੋਣ ਤੋਂ ਪਹਿਲਾਂ ਜਮ੍ਹਾਂ ਰਾਸ਼ੀ ਕਢਵਾਉਣ ਬਾਰੇ ਜੁਰਮਾਨੇ ਦੇ ਨਿਯਮ ਲਾਗੂ ਕੀਤੇ ਜਾਣੇ ਚਾਹੀਦੇ ਹਨ।

(iv) ਐਨ ਆਰ ਐਸ ਆਰ/ਐਨ ਆਰ ਐਨ ਆਰ ਜਮ੍ਹਾਂ ਰਾਸ਼ੀਆਂ ਨੂੰ ਅਵਧੀ ਪੂਰੀ ਹੋਣ ਤੋਂ ਪਹਿਲਾਂ ਐਨ ਆਰ ਓ ਜਮ੍ਹਾਂ ਰਾਸ਼ੀਆਂ ਵਿਚ ਰੁਪਾਂਤਰਿਤ ਕਰਨ ਲਈ ਅਵਧੀ ਪੂਰੀ ਹੋਣ ਤੋਂ ਪਹਿਲਾਂ ਜਮ੍ਹਾਂ ਰਾਸ਼ੀ ਕਢਵਾਉਣ ਸਬੰਧੀ ਜੁਰਮਾਨੇ ਦੇ ਨਿਯਮ ਲਾਗੂ ਕੀਤੇ ਜਾਣੇ ਚਾਹੀਦੇ ਹਨ।

(v) 1 ਅਪ੍ਰੈਲ, 2002 ਤੋਂ ਐਨ ਆਰ ਐਨ ਆਰ/ਐਨ ਆਰ ਐਸ ਆਰ ਯੋਜਨਾਵਾਂ ਦੀ ਸਮਾਪਤੀ ਨੂੰ ਧਿਆਨ ਵਿਚ ਰੱਖਦੇ ਹੋਏ ਐਨ ਆਰ ਐਨ ਆਰ ਜਮ੍ਹਾਂ ਰਾਸ਼ੀਆਂ ਤੋਂ ਪ੍ਰਾਪਤੀਆਂ ਨੂੰ ਪਰਿਪੱਕਤਾ ਦੀ ਅਵਧੀ ਪੂਰੀ ਹੋਣ ਉਪਰੰਤ ਐਨ ਆਰ ਈ ਖਾਤਿਆਂ ਵਿਚ ਜਮ੍ਹਾਂ ਕੀਤਾ ਜਾ ਸਕਦਾ ਹੈ, ਪਰੰਤੂ ਐਫ ਸੀ ਐਨ ਆਰ (ਬੀ) ਖਾਤਿਆਂ ਵਿਚ ਨਹੀਂ, ਜਦੋਂ ਕਿ ਐਨ ਆਰ ਐਸ ਆਰ ਖਾਤਿਆਂ ਤੋਂ ਪ੍ਰਾਪਤ ਰਾਸ਼ੀਆਂ ਨੂੰ ਪਰਿਪੱਕਤਾ ਦੀ ਅਵਧੀ ਪੂਰੀ ਹੋਣ ਉਪਰੰਤ ਕੇਵਲ ਐਨ ਆਰ ਐਨ ਆਰ/ਐਨ ਆਰ ਐਸ ਆਰ ਜਮ੍ਹਾਂ ਰਾਸ਼ੀਆਂ ਨੂੰ ਅਵਧੀ ਪੂਰੀ ਹੋਣ ਤੋਂ ਪਹਿਲਾਂ ਕਢਵਾਉਣ ਦੀ ਸੂਰਤ ਵਿਚ ਰਾਸ਼ੀਆਂ ਨੂੰ ਕੇਵਲ ਐਨ ਆਰ ਓ ਖਾਤਿਆਂ ਵਿਚ ਹੀ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ।

## 2.12 ਮਿਆਦੀ ਜਮ੍ਹਾਂ ਰਾਸ਼ੀ, ਹਰ ਰੋਜ ਜਮ੍ਹਾਂ ਕਰਵਾਈ ਜਾਣ ਵਾਲੀ ਜਮ੍ਹਾਂ ਰਾਸ਼ੀ ਜਾਂ ਆਵਰਤੀ ਜਮ੍ਹਾਂ ਰਾਸ਼ੀ ਨੂੰ ਪੁਨਰ ਨਿਵੇਸ਼ ਲਈ ਮਿਆਦੀ ਜਮ੍ਹਾਂ ਰਾਸ਼ੀ ਵਿਚ ਬਦਲਣਾ

ਬੈਂਕ ਦੁਆਰਾ, ਖਾਤੇਦਾਰ ਦੀ ਬੇਨਤੀ ਤੇ, ਮਿਆਦੀ ਜਮ੍ਹਾਂ ਰਾਸ਼ੀ, ਹਰ ਰੋਜ ਜਮ੍ਹਾਂ ਕਰਵਾਈ ਜਾਣ ਵਾਲੀ ਜਮ੍ਹਾਂ ਰਾਸ਼ੀ ਜਾਂ ਆਵਰਤੀ ਜਮ੍ਹਾਂ ਰਾਸ਼ੀ ਨੂੰ ਉਸੇ ਬੈਂਕ ਵਿਚ ਕਿਸੇ ਹੋਰ ਮਿਆਦੀ ਖਾਤੇ ਵਿਚ ਤੁਰੰਤ ਪੁਨਰ ਨਿਵੇਸ਼ ਲਈ ਰੂਪਾਂਤਰਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਬੈਂਕ ਨੂੰ ਅਜੇ ਹੀ ਮਿਆਦੀ ਜਮ੍ਹਾਂ ਰਾਸ਼ੀ ਦੇ ਸਬੰਧ ਵਿਚ ਉਪਰੋਕਤ ਪੈਰਾ 2.11 ਵਿਚ ਦਰਸਾਈ ਗਈ ਵਿਧੀ ਅਨੁਸਾਰ ਵਿਆਜ ਦਾ ਭੁਗਤਾਨ ਕਰਨਾ ਚਾਹੀਦਾ ਹੈ ਜਿਸ ਵਿਚੋਂ ਇਸੇ ਪੈਰੇ ਵਿਚ ਦੱਸੇ ਅਨੁਸਾਰ ਜੁਰਮਾਨੇ ਦੀ ਰਾਸ਼ੀ ਨਾ ਕੱਟੀ ਜਾਵੇ, ਬਸ਼ਰਤੇ

ਇਹ ਜਮ੍ਹਾਂ ਰਾਸ਼ੀ ਬੈਂਕ ਕੋਲ ਪੁਨਰ ਨਿਵੇਸ਼ ਤੋਂ ਬਾਅਦ ਆਰੰਭਿਕ ਸਹਿਮਤ ਅਵਧੀ ਦੇ ਬਕਾਇਆ ਸਮੇਂ ਤੋਂ ਵੱਧ ਸਮੇਂ ਲਈ ਰਹਿੰਦੀ ਹੈ।

## 2.13 ਪਰਿਪੱਕਤਾ ਦੀ ਮਿਤੀ ਤੋਂ ਬਾਅਦ ਨਵੀਂਕਰਣ

ਪਰਿਪੱਕਤਾ ਦੀ ਮਿਤੀ ਤੋਂ ਬਾਅਦ ਨਵੀਂਕਰਣ ਨਾਲ ਸਬੰਧਤ ਸਾਰੇ ਪਹਿਲੂਆਂ ਬਾਰੇ ਹਰੇਕ ਬੈਂਕ ਦੁਆਰਾ ਆਪਣੇ ਨਿਰਦੇਸ਼ਕ ਮੰਡਲ ਦੁਆਰਾ ਇਸ ਸਬੰਧ ਵਿਚ ਬਣਾਈ ਗਈ ਪਾਰਦਰਸ਼ੀ ਨੀਤੀ ਅਧੀਨ ਫੈਸਲਾ ਕੀਤਾ ਜਾ ਸਕਦਾ ਹੈ ਅਤੇ ਡਿਪਾਜਿਟਸ ਸਵੀਕਾਰ ਕਰਨ ਸਮੇਂ ਗ੍ਰਾਹਕਾਂ ਨੂੰ ਨਵੀਂਕਰਣ ਦੀਆਂ ਸ਼ਰਤਾਂ ਅਤੇ ਵਿਆਜ ਦਰਾਂ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਇਸ ਸਬੰਧੀ ਨੀਤੀ ਮਨਮਰਜ਼ੀ ਦੀ ਅਤੇ ਭੇਦਭਾਵਪੂਰਣ ਨਹੀਂ ਹੋਣੀ ਚਾਹੀਦੀ।

## 2.14 ਮਿਆਦੀ ਜਮ੍ਹਾਂ ਰਾਸ਼ੀ ਵਿਰੁੱਧ ਕਰਜ਼ਾ-ਵਿਆਜ ਲਗਾਉਣ ਦੀ ਵਿਧੀ

(ੳ) ਜਦੋਂ ਕਿਸੇ ਮਿਆਦੀ ਜਮ੍ਹਾਂ ਰਾਸ਼ੀ ਵਿਰੁੱਧ ਕੋਈ ਕਰਜ਼ਾ ਮੰਜ਼ੂਰ ਕੀਤਾ ਜਾਂਦਾ ਹੈ ਅਤੇ ਜਮ੍ਹਾਂ ਰਾਸ਼ੀ ਹੇਠ ਲਿਖਿਆ ਦੇ ਨਾਮ ਤੇ ਹੋਵੇ;

(i) ਕਰਜ਼ਾ ਲੈਣ ਵਾਲੇ ਦੇ ਨਿਜੀ ਜਾਂ ਸੰਯੁਕਤ ਨਾਮ ਤੇ

(ii) ਕਿਸੇ ਭਾਈਵਾਲੀ ਫਰਮ ਦੇ ਕਿਸੇ ਇਕ ਭਾਈਵਾਲ ਦੇ ਨਾਮ ਅਤੇ ਕਰਜ਼ਾ ਇਸ ਫਰਮ ਨੂੰ ਦਿੱਤਾ ਜਾਂਦਾ ਹੈ,

(iii) ਇਕੋ ਇਕ ਵਿਅਕਤੀ ਦੀ ਮਲਕੀਅਤ ਵਾਲੀ ਵਪਾਰਕ ਸੰਸਥਾ ਦੇ ਮਾਲਿਕ ਦੇ ਨਾਮ ਤੇ ਅਤੇ ਕਰਜ਼ਾ ਇਸ ਸੰਸਥਾ ਨੂੰ ਦਿੱਤਾ ਜਾਂਦਾ ਹੈ ;

(iv) ਛੱਤਰ ਛਾਇਆ ਵਿਚ ਰਹਿਣ ਵਾਲੇ ਬੱਚੇ ਦੇ ਨਾਮ ਤੇ ਜਿਸ ਦਾ ਸਰਪ੍ਰਸਤ ਉਸ ਬੱਚੇ ਦੀ ਥਾਂ ਕਰਜ਼ਾ ਲੈਣ ਦਾ ਅਧਿਕਾਰ ਰੱਖਦਾ ਹੈ ਅਤੇ ਜਿੱਥੇ ਕਰਜ਼ਾ ਉਸ ਬੱਚੇ ਦੇ ਸਰਪ੍ਰਸਤ ਨੂੰ ਅਜਿਹੇ ਅਧਿਕਾਰ ਅਧੀਨ ਦਿੱਤਾ ਜਾਂਦਾ ਹੈ ;

ਬੈਂਕ ਐਨ ਆਰ ਈ ਮਿਆਦੀ ਜਮ੍ਹਾਂ ਰਾਸ਼ੀਆਂ ਵਿਰੁੱਧ ਦਿੱਤੇ ਗਏ ਅਤੇ ਵਿਦੇਸ਼ੀ ਮੁੱਦਰਾ ਜਾਂ ਭਾਰਤੀ ਮੁੱਦਰਾ ਵਿਚ ਮੋੜੇ ਗਏ ਕਰਜ਼ਿਆਂ ਸਮੇਤ ਆਪਣੇ ਬੈਂਚ ਮਾਰਕ ਪ੍ਰਾਈਮ ਲੈਂਡਿੰਗ ਰੇਟ (ਬੀ ਪੀ ਐਲ ਆਰ) ਤੇ ਧਿਆਨ ਦਿੱਤੇ ਬਿਨਾਂ ਵਿਆਜ ਦੀ ਦਰ ਵਸੂਲ ਕਰਨ ਲਈ ਆਜ਼ਾਦ ਹੋਵੇਗਾ।

ਜੇਕਰ ਉਹ ਮਿਆਦੀ ਜਮ੍ਹਾਂ ਰਾਸ਼ੀ ਜਿਸ ਦੇ ਵਿਰੁੱਧ ਕੋਈ ਕਰਜ਼ਾ ਦਿੱਤਾ ਗਿਆ ਸੀ, ਪਰਿਪੱਕਤਾ ਦੀ ਨਿਰਧਾਰਤ ਘੱਟੋ ਘੱਟ ਅਵਧੀ ਪੂਰੀ ਹੋਣ ਤੋਂ ਪਹਿਲਾਂ ਕਢਵਾ ਲਈ ਜਾਂਦੀ ਹੈ, ਤਾਂ ਅਜਿਹੇ ਕਰਜ਼ੇ ਨੂੰ ਉਸ ਮਿਆਦੀ ਜਮ੍ਹਾਂ ਰਾਸ਼ੀ ਵਿਰੁੱਧ ਕਰਜ਼ੇ ਦੇ ਰੂਪ ਵਿਚ ਨਹੀਂ ਮੰਨਿਆ ਜਾਣਾ ਚਾਹੀਦਾ ਅਤੇ ਇਸ ਤੇ ਵਿਆਜ ਭਾਰਤੀ ਰਿਜ਼ਰਵ ਬੈਂਕ ਦੁਆਰਾ ਵਿਆਜ ਦਰਾਂ ਬਾਰੇ ਸਮੇਂ-ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਲਗਾਇਆ ਜਾਣਾ ਚਾਹੀਦਾ ਹੈ।

(ਅ) ਜਦੋਂ ਕੋਈ ਕਰਜ਼ਾ ਕਿਸੇ ਅਜਿਹੀ ਮਿਆਦੀ ਜਮ੍ਹਾਂ ਰਾਸ਼ੀ ਦੇ ਵਿਰੁੱਧ ਦਿੱਤਾ ਜਾਂਦਾ ਹੈ ਜੋ ਕਿ ਉਪਰੋਕਤ ਸਬ ਕਲਾਜ਼ (ਏ) ਦੀਆਂ ਮਦਾਂ (i) ਤੋਂ (v) ਵਿਚੋਂ ਕਿਸੇ ਵੀ ਪ੍ਰਕਾਰ ਦੀ ਨਹੀਂ ਹੈ, ਤਾਂ ਬੈਂਕ ਬੈਂਚਮਾਰਕ ਪ੍ਰਾਈਮ ਲੈਂਡਿੰਗ ਰੇਟ ਤੇ ਧਿਆਨ ਦਿੱਤੇ ਬਿਨਾਂ ਵਿਆਜ ਦਰ ਲਗਾਉਣ ਲਈ ਆਜ਼ਾਦ ਹੋਵੇਗਾ, ਬਸ਼ਰਤੇ ਕਿ ਕਰਜ਼ਾ 2 ਲੱਖ ਰੁਪਏ ਤੱਕ ਦਾ ਹੈ। ਪਰੰਤੂ ਜੇਕਰ ਕਰਜ਼ਾ 2 ਲੱਖ ਰੁਪਏ ਤੋਂ ਵੱਧ ਹੋਵੇ ਤਾਂ ਬੈਂਕ ਦੁਆਰਾ ਵਿਆਜ ਭਾਰਤੀ ਰਿਜ਼ਰਵ ਬੈਂਕ ਦੁਆਰਾ ਕਰਜ਼ਿਆਂ ਬਾਰੇ ਵਿਆਜ ਦਰਾਂ ਨਾਲ ਸਬੰਧਤ ਸਮੇਂ-ਸਮੇਂ ਤੇ ਜਾਰੀ ਕੀਤੇ ਨਿਰਦੇਸ਼ਾਂ ਅਨੁਸਾਰ ਲਗਾਇਆ ਜਾਣਾ ਚਾਹੀਦਾ ਹੈ।

ਕਿਸੇ ਵੀ ਬੈਂਕ ਦੁਆਰਾ ਆਪਣੀ ਮਨ ਮਰਜ਼ੀ ਨਾਲ ਬੈਂਕ ਦੇ ਕਰਮਚਾਰੀ/ਸੇਵਾ ਮੁਕਤ ਕਰਮਚਾਰੀ ਜਾਂ ਕਿਸੇ ਮ੍ਰਿਤਕ ਬੈਂਕ ਕਰਮਚਾਰੀ/ਸੇਵਾ ਮੁਕਤ ਕਰਮਚਾਰੀ ਦੇ ਪਤੀ/ਪਤਨੀ ਨੂੰ ਉਪਰੋਕਤ ਪੈਰਾ 2.6 ਵਿਚ ਨਿਰਧਾਰਿਤ ਵਿਆਜ ਦੀ ਦਰ ਲਾਗੂ ਨਹੀਂ ਕੀਤੀ ਜਾਣੀ ਚਾਹੀਦੀ।

(ੲ) ਐਨ ਆਰ ਈ ਬਚਤ ਜਮ੍ਹਾਂ ਰਾਸ਼ੀਆਂ ਦਾ ਖਾਤੇਦਾਰ ਕਿਸੇ ਵੀ ਸਮੇਂ ਬਚਤ ਰਾਸ਼ੀਆਂ ਕਢਵਾ ਸਕਦਾ ਹੈ ਅਤੇ ਇਸ ਲਈ ਬੈਂਕਾਂ ਦੁਆਰਾ ਇਨ੍ਹਾਂ ਜਮ੍ਹਾਂ ਰਾਸ਼ੀਆਂ ਵਿਰੁੱਧ ਸਿੱਧਾ ਜਾਂ ਅਸਿੱਧਾ ਕਿਸੇ ਪ੍ਰਕਾਰ ਦਾ ਲੀਅਨ ਦਰਜ ਨਹੀਂ ਕੀਤਾ ਜਾਣਾ ਚਾਹੀਦਾ ਹੈ। (ਜਿੱਥੋਂ ਤੱਕ ਘਰੇਲੂ ਬਚਤ ਜਮ੍ਹਾਂ ਰਾਸ਼ੀਆਂ ਦਾ ਸਬੰਧ ਹੈ, ਬੈਂਕ ਆਈ ਬੀ ਏ ਦੁਆਰਾ ਜਾਰੀ ਕੀਤੀਆਂ ਮਾਰਗਦਰਸ਼ਕ ਲੀਹਾਂ/ਆਪਣੇ ਨਿਰਦੇਸ਼ਕ ਮੰਡਲ ਦੁਆਰਾ ਮੰਜ਼ੂਰ ਕੀਤੀਆਂ ਗਈ ਵਰਤਮਾਨ ਵਿਵਹਾਰਕਤਾ ਤੇ ਅਮਲ ਕਰ ਸਕਦੇ ਹਨ।

## 2.15 ਮਿਆਦੀ ਜਮ੍ਹਾਂ ਰਾਸ਼ੀ ਵਿਰੁੱਧ ਕਰਜ਼ੇ ਲਈ ਮਾਰਜਨ

ਮਿਆਦੀ ਜਮ੍ਹਾਂ ਰਾਸ਼ੀ ਵਿਰੁੱਧ ਕਰਜ਼ੇ ਲਈ ਮਾਰਜਨ ਬਾਰੇ ਫੈਸਲਾ ਕਰਨ ਦਾ ਅਧਿਕਾਰ ਹਰੇਕ ਬੈਂਕ ਦੇ ਨਿਰਦੇਸ਼ਕ ਮੰਡਲ ਦੁਆਰਾ ਇਸ ਬਾਰੇ ਬਣਾਈ ਗਈ ਪਾਰਦਰਸ਼ੀ ਨੀਤੀ ਦੇ ਮੱਦੇ ਨਜ਼ਰ ਬੈਂਕਾਂ ਤੇ ਛੱਡ ਦਿੱਤਾ ਗਿਆ ਹੈ।

## 2.16 ਐਨ ਆਰ (ਈ) ਆਰ ਏ ਜਮ੍ਹਾਂ ਰਾਸ਼ੀਆਂ ਵਿਰੁੱਧ ਕਰਜ਼ਿਆਂ ਤੇ ਪਾਬੰਦੀਆਂ ਕਰਜ਼ਿਆਂ ਦੀ ਮਾਤਰਾ

ਸਾਲ 2006-07 ਲਈ ਆਰਥਿਕ ਨੀਤੀ ਬਾਰੇ ਐਨੁਅਲ ਸਟੇਟਮੈਂਟ ਦੇ ਤੀਜੀ ਤਿਮਾਹੀ ਦੇ ਰਿਵਿਊ (ਪੈਰਾ 86) ਵਿਚ ਦੱਸਿਆ ਗਿਆ ਹੈ ਕਿ ਹਰੇਕ ਪ੍ਰਵਾਸੀ ਭਾਰਤੀ (ਐਨ ਆਰ ਆਈ) ਨੂੰ ਇਹ ਸੁਵਿਧਾਵਾਂ ਉਪਲਬੱਧ ਕਰਵਾਉਣ ਦੇ ਮੰਤਵ ਅਤੇ ਵਰਤਮਾਨ ਆਰਥਿਕ ਹਾਲਾਤ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਸੁਵਿਧਾ ਦੀ ਵਰਤੋਂ ਸੰਵੇਦਨਸ਼ੀਲ ਖੇਤਰਾਂ ਵਿਚ ਸੰਪੱਤੀ ਦੀਆਂ ਕੀਮਤਾਂ ਵਿਚ ਉਪਰ ਵੱਲ ਨੂੰ ਦਬਾਅ ਨੂੰ ਟਾਲਣ ਵਿਚ ਲਾਭਕਾਰੀ ਹੋਵੇਗੀ। ਇਸ ਲਈ ਬੈਂਕਾਂ ਦੁਆਰਾ ਐਨ ਆਰ (ਈ) ਆਰ ਏ ਅਤੇ ਐਫ ਸੀ ਐਨ ਆਰ (ਬੀ) ਜਮ੍ਹਾਂ ਰਾਸ਼ੀਆਂ ਵਿਰੁੱਧ ਖਾਤੇਦਾਰਾਂ ਜਾਂ ਕਿਸੇ ਤੀਜੀ ਧਿਰ ਨੂੰ 20 ਲੱਖ ਰੁਪਏ ਤੋਂ ਵੱਧ ਦੇ ਨਵੇਂ ਕਰਜ਼ੇ ਮੰਜੂਰ ਕਰਨ ਜਾਂ ਵਰਤਮਾਨ ਕਰਜ਼ਿਆਂ ਦੇ ਨਵੀਂਕਰਣ ਤੋਂ ਰੋਕਿਆ ਜਾਂਦਾ

ਹੈ। ਇਸੇ ਅਨੁਸਾਰ 31 ਜਨਵਰੀ, 2007 ਤੋਂ ਖਾਤੇਦਾਰਾਂ ਜਾਂ ਕਿਸੇ ਤੀਜੀ ਧਿਰ ਨੂੰ ਬੈਂਕਾਂ ਦੁਆਰਾ 20 ਲੱਖ ਰੁਪਏ ਤੋਂ ਵੱਧ ਦੇ ਨਵੇਂ ਕਰਜ਼ੇ ਮੰਜੂਰ ਨਹੀਂ ਕੀਤੇ ਜਾਣੇ ਚਾਹੀਦੇ ਹਨ ਅਤੇ ਨਾ ਹੀ ਵਰਤਮਾਨ ਕਰਜ਼ਿਆਂ ਦਾ ਨਵੀਂਕਰਣ ਕੀਤਾ ਜਾਣਾ ਚਾਹੀਦਾ ਹੈ। ਇਸ ਸੀਮਾਂ ਨੂੰ ਨਿਸ਼ਚਲ ਬਣਾਉਣ ਲਈ ਬੈਂਕਾਂ ਦੁਆਰਾ ਕਰਜ਼ੇ ਦੀ ਰਾਸ਼ੀ ਵਿਚ ਬਣਾਉਟੀ ਕਾਂਟ ਛਾਟ ਨਹੀਂ ਕੀਤੀ ਜਾਣੀ ਚਾਹੀਦੀ।

## 2.17 ਮ੍ਰਿਤਕ ਖਾਤੇਦਾਰ ਦੀ ਜਮ੍ਹਾਂ ਰਾਸ਼ੀ ਤੇ ਭੁਗਤਾਨਯੋਗ ਵਿਆਜ

(ੳ) ਹੇਠ ਲਿਖਿਆ ਦੇ ਨਾਮ ਤੇ ਖਾਤੇ ਵਿਚਲੀ ਜਮ੍ਹਾਂ ਰਾਸ਼ੀ ਦੇ ਮਾਮਲੇ ਵਿਚ

(i) ਕਿਸੇ ਇਕ ਮ੍ਰਿਤਕ ਵਿਅਕਤੀ ਦੇ ਖਾਤੇ ਵਿਚ ਜਾਂ

(ii) ਦੋ ਜਾਂ ਦੋ ਤੋਂ ਵੱਧ ਸੰਯੁਕਤ ਖਾਤੇਦਾਰਾਂ ਦੇ ਖਾਤੇ ਵਿਚ ਜਿਨ੍ਹਾਂ ਵਿਚੋਂ ਇਕ ਖਾਤੇਦਾਰ ਦੀ ਮੌਤ ਹੋ ਚੁੱਕੀ ਹੈ;

ਉਪਰੋਕਤ ਸੂਤਰਾਂ ਵਿਚ ਖਾਤੇਦਾਰਾਂ ਦੀ ਮੌਤ ਉਪਰੰਤ ਪੂਰਣ ਅਵਧੀ ਵਾਲੀਆਂ ਜਮ੍ਹਾਂ ਰਾਸ਼ੀਆਂ ਤੇ ਵਿਆਜ ਦੇ ਭੁਗਤਾਨ ਬਾਰੇ ਨਿਯਮ ਬਣਾਉਣ ਦਾ ਕੰਮ ਹਰੇਕ ਬੈਂਕ ਦੀ ਇੱਛਾ ਤੇ ਛੱਡ ਦਿੱਤਾ ਗਿਆ ਹੈ ਜੋ ਇਸ ਬਾਰੇ ਆਪਣੇ ਨਿਰਦੇਸ਼ਕ ਮੰਡਲ ਦੁਆਰਾ ਬਣਾਈ ਗਈ ਪਾਰਦਰਸ਼ੀ ਨੀਤੀ ਨੂੰ ਧਿਆਨ ਵਿਚ ਰੱਖਣਗੇ।

(ਅ) ਕਿਸੇ ਖਾਤੇਦਾਰ ਵਿਅਕਤੀ/ਇਕੋ ਇਕ ਮਾਲਿਕ ਦੀ ਮੌਤ ਉਪਰੰਤ ਉਸ ਵਿਅਕਤੀ/ਵਪਾਰਕ ਸੰਸਥਾ ਦੇ ਚਾਲੂ ਖਾਤੇ ਵਿਚ ਬਕਾਇਆ ਰਾਸ਼ੀ ਤੇ ਵਿਆਜ ਦਾ ਭੁਗਤਾਨ ਕੇਵਲ 1 ਮਈ, 1983 ਜਾਂ ਖਾਤੇਦਾਰ ਦੀ ਮੌਤ ਦੀ ਮਿਤੀ ਜੋ ਵੀ ਬਾਅਦ ਵਿਚ ਹੋਵੇ ਤੋਂ ਦਾਅਵੇਦਾਰਾਂ ਨੂੰ ਭੁਗਤਾਨ ਦੀ ਮਿਤੀ ਤੱਕ, ਭੁਗਤਾਨ ਦੀ ਮਿਤੀ ਵਾਲੇ ਦਿਨ ਬਚਤ ਖਾਤਿਆਂ ਤੇ ਲਾਗੂ ਹੋਣ ਵਾਲੀ ਵਿਆਜ ਦਰ ਤੇ ਕੀਤਾ ਜਾਣਾ ਚਾਹੀਦਾ ਹੈ।

*ਨੋਟ : ਐਨ ਆਰ ਈ ਖਾਤੇ ਦੇ ਮਾਮਲੇ ਵਿਚ ਜੇਕਰ ਦਾਅਵੇਦਾਰ ਭਾਰਤਵਾਸੀ ਹੋਣ ਤਾਂ ਜਮ੍ਹਾਂ ਰਾਸ਼ੀ ਨੂੰ ਘਰੇਲੂ ਭਾਰਤੀ ਮੁੱਦਰਾ ਦਾ ਜਮ੍ਹਾਂ ਰਾਸ਼ੀ ਮੰਨਿਆ ਜਾਣਾ ਚਾਹੀਦਾ ਹੈ ਅਤੇ ਬਾਅਦ ਵਾਲੀ ਅਵਧੀ ਲਈ ਵਿਆਜ ਦਾ ਭੁਗਤਾਨ ਉਸੇ ਪਰਿਪੱਕਤਾ ਦੀ ਅਵਧੀ ਲਈ ਜਮ੍ਹਾਂ ਰਾਸ਼ੀ ਤੇ ਲਾਗੂ ਹੋਣ ਵਾਲੀ ਵਿਆਜ ਦਰ ਨਾਲ ਕੀਤਾ ਜਾਣਾ ਚਾਹੀਦਾ ਹੈ।*

2.18 ਜਮ੍ਹਾਂ ਰਾਸ਼ੀਆਂ ਤੇ ਵਿਆਜ ਵਿਚ ਪਰਿਵਰਤਨ ਅਤੇ ਵੱਖ-ਵੱਖ ਵਿਆਜ ਦਰਾਂ ਅਨੁਸਾਰ ਜਮ੍ਹਾਂ ਰਾਸ਼ੀਆਂ ਦੇ ਵੇਰਵੇ ਬਾਰੇ ਭਾਰਤੀ ਰਿਜਰਵ ਬੈਂਕ ਨੂੰ ਸੂਚਿਤ ਕਰਨਾ

ਸਤੰਬਰ, 1997 ਵਿਚ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਜਦੋਂ ਵੀ ਜਮ੍ਹਾ ਰਾਸ਼ੀਆਂ ਬਾਰੇ ਵਿਆਜ ਦਰਾਂ ਦੇ ਢਾਂਚੇ ਅਤੇ ਪੀ ਐਲ ਆਰ ਵਿਚ ਕੋਈ ਪਰਿਵਰਤਨ ਦੀ ਸੂਰਤ ਵਿਚ ਬੈਂਕਾਂ ਲਈ ਇਸ ਬਾਰੇ ਭਾਰਤੀ ਰਿਜ਼ਰਵ ਬੈਂਕ ਦੇ ਵਿਭਾਗ ਆਫ ਬੈਂਕਿੰਗ ਓਪਰੇਸ਼ਨ ਐਂਡ ਡਿਵੈਲਪਮੈਂਟ (ਡੀ ਬੀ ਓ ਡੀ) ਨੂੰ ਨਿਰਧਾਰਿਤ ਪ੍ਰੋਫਾਰਮੇ (ਰਿਟਰਨ ਨੰ:7 ਆਫ ਮੈਨੁਅਲ ਆਫ ਇੰਸਟ੍ਰਕਸ਼ਨਜ) ਵਿਚ ਸੂਚਨਾ ਭੇਜਣੀ ਜ਼ਰੂਰੀ ਸੀ। ਕਿਉਂਕਿ ਬੈਂਕਾਂ ਦੁਆਰਾ ਇਸੇ ਤਰ੍ਹਾਂ ਦੀ ਸੂਚਨਾ ਭਾਰਤੀ ਰਿਜ਼ਰਵ ਬੈਂਕ ਦੇ ਮੌਨੀਟਰੀ ਪਾਲਿਸੀ ਡਿਪਾਰਮੈਂਟ ਨੂੰ ਭੇਜੀ ਜਾਂਦੀ ਹੈ, ਇਸ ਲਈ ਡੀ ਬੀ ਓ ਡੀ ਨੂੰ ਰਿਟਰਨ ਭੇਜਣਾ ਬੰਦ ਕਰ ਦਿੱਤਾ ਗਿਆ ਹੈ।

2.19 ਸੰਯੁਕਤ ਖਾਤੇ ਦਾਰਾਂ ਦੇ ਨਾਵਾਂ ਵਿਚ ਵਾਧਾ ਜਾਂ ਕਟੌਤੀ

ਕੋਈ ਵੀ ਬੈਂਕ ਸੰਯੁਕਤ ਖਾਤੇ ਦੇ ਸਾਰੇ ਖਾਤੇਦਾਰਾਂ ਵਲੋਂ ਬੇਨਤੀ ਕਰਨ ਤੇ ਸੰਯੁਕਤ ਖਾਤੇਦਾਰਾਂ ਦੇ ਨਾਵਾਂ ਵਿਚ ਵਾਧਾ ਜਾਂ ਕਟੌਤੀ ਕਰਨ ਦੀ ਆਗਿਆ ਦੇ ਸਕਦਾ ਹੈ, ਜੇਕਰ ਹਾਲਾਤ ਅਨੁਸਾਰ ਕਿਸੇ ਵਿਅਕਤੀਗਤ ਖਾਤੇਦਾਰ ਲਈ ਕਿਸੇ ਹੋਰ ਵਿਅਕਤੀ ਨੂੰ ਸੰਯੁਕਤ ਖਾਤੇ ਵਿਚ ਸ਼ਾਮਲ ਕਰਨਾ ਜ਼ਰੂਰੀ ਜਾ ਪਰਵਾਨਿਤ ਹੋਵੇ। ਪਰੰਤੂ ਜੇਕਰ ਖਾਤਾ ਇਕ ਮਿਆਦੀ ਖਾਤਾ ਹੋਵੇ ਤਾਂ ਉਸ ਦੀ ਮੂਲ ਰਾਸ਼ੀ ਅਤੇ ਅਵਧੀ ਵਿਚ ਕਿਸੇ ਵੀ ਤਰ੍ਹਾਂ ਕੋਈ ਪਰਿਵਰਤਨ ਨਹੀਂ ਕੀਤਾ ਜਾਣਾ ਚਾਹੀਦਾ। ਕੋਈ ਵੀ ਬੈਂਕ ਆਪਣੀ ਇੱਛਾ ਅਤੇ ਜਮ੍ਹਾਂ ਰਾਸ਼ੀ ਦੀ ਰਸੀਦ ਵਾਲੇ ਸੰਯੁਕਤ ਖਾਤੇ ਦੇ ਸਾਰੇ ਖਾਤੇਦਾਰਾਂ ਵਲੋਂ ਬੇਨਤੀ ਕੀਤੇ ਜਾਣ ਤੇ ਸੰਯੁਕਤ ਰਾਸ਼ੀ ਨੂੰ ਕੇਵਲ ਸੰਯੁਕਤ ਖਾਤੇ ਦੇ ਖਾਤੇਦਾਰਾਂ ਦੇ ਵੱਖ-ਵੱਖ ਨਾਮ ਤੇ ਵੰਡੇ ਜਾਣ ਦੀ ਆਗਿਆ ਦੇ ਸਕਦਾ ਹੈ, ਬਸ਼ਰਤੇ ਜਮ੍ਹਾਂ ਰਾਸ਼ੀ ਦੀ ਅਵਧੀ ਅਤੇ ਉਸ ਦੇ ਕੁਲ ਧੱਨ ਵਿਚ ਕੋਈ ਪਰਿਵਰਤਨ ਨਾ ਹੋਵੇ।

*ਨੋਟ: - ਐਨ ਆਰ ਈ ਖਾਤੇ ਕੇਵਲ ਪ੍ਰਵਾਸੀਆਂ ਨਾਲ ਸੰਯੁਕਤ ਰੂਪ ਵਿਚ ਰੱਖੇ ਜਾਣੇ ਚਾਹੀਦੇ ਹਨ। ਐਨ ਆਰ ਓ ਖਾਤੇ ਪ੍ਰਵਾਸੀਆਂ ਦੁਆਰਾ ਭਾਰਤ ਵਾਸੀਆਂ ਨਾਲ ਸੰਯੁਕਤ ਰੂਪ ਵਿਚ ਰੱਖੇ ਜਾ ਸਕਦੇ ਹਨ।*

## 2.20 ਲੈਣ ਦੇਣ ਦੀਆਂ ਰਾਸ਼ੀਆਂ ਨੂੰ ਸੰਪੂਰਣ ਬਣਾਉਣਾ

ਜਮ੍ਹਾਂ ਰਾਸ਼ੀਆਂ ਤੇ ਵਿਆਜ ਦੇ ਭੁਗਤਾਨ/ਕਰਜ਼ਿਆਂ ਤੇ ਵਿਆਜ ਲਗਾਉਣ ਸਮੇਤ ਸਾਰੇ ਲੈਣ ਦੇਣ ਨੂੰ ਨਿਕਟਤਮ ਰੁਪਏ ਤੱਕ ਸੰਪੂਰਣ ਬਣਾਉਣਾ ਚਾਹੀਦਾ ਹੈ, ਅਰਥਾਤ 50 ਪੈਸੇ ਜਾਂ ਇਸ ਤੋਂ ਵੱਧ ਪੈਸਿਆਂ ਨੂੰ ਵਧਾ ਕੇ ਅਗਲੇ ਰੁਪਏ ਤੱਕ ਕਰ ਦੇਣਾ ਚਾਹੀਦਾ ਹੈ। ਕੈਸ਼ ਸਰਟੀਫਿਕੇਟ ਦੀ ਇਸ਼ੂ ਪ੍ਰਾਈਸ ਨੂੰ ਇਸੇ ਢੰਗ ਨਾਲ ਸੰਪੂਰਣ ਬਣਾਉਣਾ ਚਾਹੀਦਾ ਹੈ।

ਅਹਿਮਦਾਬਾਦ ਸਥਿਤ ਗੁਜਰਾਤ ਹਾਈ ਕੋਰਟ ਦੇ ਇਕ ਫੈਸਲ ਦੀ ਰੌਸ਼ਨੀ ਵਿਚ, ਬੈਂਕਾਂ ਨੂੰ ਸਲਾਹ ਦਿੱਤੀ ਗਈ ਸੀ ਕਿ ਉਹ ਸੁਨਿਸ਼ਚਿਤ ਬਣਾਉਣ ਕਿ ਗ੍ਰਾਹਕਾਂ ਦੁਆਰਾ ਰੁਪਏ ਦੇ ਅੰਸ਼ਾਂ ਵਾਲੇ ਚੈਕ/ਡਰਾਫਟ ਬੈਂਕਾਂ ਦੁਆਰਾ ਰੱਦ/ਡਿਸਆਨਰ ਨਾ ਕੀਤੇ ਜਾਣ । ਬੈਂਕਾਂ ਦੁਆਰਾ ਇਸ ਸਬੰਧ ਵਿਚ ਅਮਲ ਵਿਚ ਲਿਆਈ ਜਾ ਰਹੀ ਆਪਣੀ ਕਾਰਵਾਈ ਤੇ ਪੁਨਰ ਵਿਚਾਰ ਕਰਨਾ ਚਾਹੀਦਾ ਹੈ ਅਤੇ ਸਰਕੂਲਰ ਆਦਿ ਜਾਰੀ ਕਰਨ ਵਰਗੇ ਜ਼ਰੂਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਜੋ ਬੈਂਕ ਕਰਮਚਾਰੀਆਂ ਨੂੰ ਹਦਾਇਤਾਂ ਪ੍ਰਤੀ ਜਾਣਕਾਰੀ ਸੁਨਿਸ਼ਚਿਤ ਕੀਤੀ ਜਾ ਸਕੇ ਅਤੇ ਆਮ ਜਨਤਾ ਨੂੰ ਪ੍ਰੇਸ਼ਾਨੀ ਨਾ ਉਠਾਉਣੀ ਪਵੇ। ਇਸ ਤੋਂ ਇਲਾਵਾ ਬੈਂਕਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਬੈਂਕ ਕਰਮਚਾਰੀਆਂ ਵਿਰੁੱਧ ਉਚਿੱਤ ਕਾਰਵਾਈ ਕੀਤੀ ਜਾਵੇ ਜੋ ਲੋਕਾਂ ਤੋਂ ਰੁਪਏ ਦੇ ਅੰਸ਼ਾਂ ਵਾਲੇ ਚੈਕ/ਡਰਾਫਟ ਲੈਣ ਤੋਂ ਇਨਕਾਰ ਕਰਦੇ ਹਨ। ਉਪਰੋਕਤ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਬੈਂਕ ਵਿਰੁੱਧ ਬੈਂਕਿੰਗ ਰੈਗੂਲੇਸ਼ਨ ਐਕਟ, 1949 ਅਧੀਨ ਜੁਰਮਾਨੇ ਦੀ ਕਾਰਵਾਈ ਕੀਤੀ ਜਾਵੇਗੀ।

## 2.21 ਮਿਆਦੀ ਜਮ੍ਹਾਂ ਰਾਸ਼ੀ ਲਈ ਰਸੀਦ ਜਾਰੀ ਕਰਨਾ

ਬੈਂਕ ਦੁਆਰਾ ਮਿਆਦੀ ਜਮ੍ਹਾਂ ਰਾਸ਼ੀ ਲਈ ਰਸੀਦ ਜਾਰੀ ਕਰਨੀ ਚਾਹੀਦੀ ਹੈ ਜਿਸ ਵਿਚ ਜਾਰੀ ਕਰਨ ਦੀ ਮਿਤੀ, ਜਮ੍ਹਾਂ ਰਾਸ਼ੀ ਦੀ ਅਵਧੀ, ਪਰਿਪੱਕਤਾ ਦੀ ਮਿਤੀ ਲਾਗੂ ਹੋਣ ਵਾਲੀ ਵਿਆਜ ਦਰ ਆਦਿ ਵਰਗਾ ਪੂਰਾ ਵੇਰਵਾ ਦਿੱਤਾ ਗਿਆ ਹੋਵੇ।

## 2.22 ਐਤਵਾਰ/ਛੁੱਟੀ ਵਾਲੇ ਦਿਨ/ਗੈਰਵਪਾਰਕ ਕੰਮ ਵਾਲੇ ਦਿਨ ਪਰਿਪੱਕਤਾ ਮਿਤੀ ਵਾਲੀਆਂ ਮਿਆਦੀ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਾ ਭੁਗਤਾਨ

ਕਿਸੇ ਐਤਵਾਰ ਜਾਂ ਛੁੱਟੀ ਵਾਲੇ ਦਿਨ ਜਾਂ ਗੈਰ ਵਪਾਰਕ ਕੰਮ ਵਾਲੇ ਦਿਨ (ਜਾਂ ਐਨ ਆਰ ਈ ਜਮ੍ਹਾਂ ਰਾਸ਼ੀਆਂ ਦੇ ਮਾਮਲੇ ਵਿਚ ਕਿਸੇ ਸ਼ਨੀਵਾਰ ਵਾਲੇ ਦਿਨ) ਭੁਗਤਾਨ ਲਈ ਪਰਿਪੱਕ ਜਮ੍ਹਾਂ ਰਾਸ਼ੀਆਂ ਦੇ ਸਬੰਧ ਵਿਚ ਬੈਂਕਾਂ ਦੁਆਰਾ ਜਮ੍ਹਾਂ ਰਾਸ਼ੀ ਦੀ ਪਰਿਪੱਕਤਾ ਦੀ ਮਿਤੀ ਅਤੇ ਉਸ ਦੇ ਭੁਗਤਾਨ ਦਰਮਿਆਨ ਆਉਣ ਵਾਲੇ ਐਤਵਾਰ/ਛੁੱਟੀ ਦੇ ਦਿਨ/ਗੈਰ ਵਪਾਰਕ ਕੰਮ ਵਾਲੇ ਦਿਨ ਲਈ (ਅਤੇ ਐਨ ਆਰ ਈ ਜਮ੍ਹਾਂ ਰਾਸ਼ੀਆਂ ਦੇ ਮਾਮਲੇ ਵਿਚ ਸ਼ਨੀਵਾਰ ਲਈ ਵੀ) ਆਰੰਭ ਵਿਚ ਸਹਿਮਤ ਵਿਆਜ ਦਰ ਤੇ ਵਿਆਜ ਦਾ ਭੁਗਤਾਨ ਅਗਲੇ ਕੰਮ ਵਾਲੇ ਦਿਨ ਕੀਤਾ ਜਾਣਾ ਚਾਹੀਦਾ ਹੈ।

## 2.23 ਧੰਨ ਰਾਸ਼ੀਆਂ ਜਮ੍ਹਾਂ ਕਰਵਾਉਣ ਲਈ ਪ੍ਰੇਰਿਤ ਕਰਨ ਦੀਆਂ ਯੋਜਨਾਵਾ

ਬੈਂਕਾਂ ਨੂੰ ਘਰੇਲੂ ਧੰਨ ਰਾਸ਼ੀਆਂ ਜਮ੍ਹਾਂ ਕਰਵਾਉਣ ਲਈ ਪ੍ਰੇਰਿਤ ਕਰਨ ਵਾਲੀਆਂ ਨਵੀਂਆਂ ਯੋਜਨਾਵਾਂ ਨੂੰ ਸ਼ੁਰੂ ਕਰਨ ਲਈ ਇੰਡੀਅਨ ਬੈਂਕਸ ਐਸੋਸੀਏਸ਼ਨ ਦੀ ਪਹਿਲਾਂ ਤੋਂ ਸਹਿਮਤੀ ਜਾਂ ਭਾਰਤੀ ਰਿਜ਼ਰਵ ਬੈਂਕ ਦੀ ਪਹਿਲਾਂ ਤੋਂ ਮਨਜ਼ੂਰੀ ਲੈਣ ਦੀ ਜ਼ਰੂਰਤ ਨਹੀਂ। ਪਰੰਤੂ, ਘਰੇਲੂ ਰਾਸ਼ੀਆਂ ਨੂੰ ਜਮ੍ਹਾਂ ਕਰਵਾਉਣ ਲਈ ਪ੍ਰੇਰਿਤ ਕਰਨ ਵਾਲੀਆਂ ਯੋਜਨਾਵਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਬੈਂਕਾਂ ਨੂੰ ਇਹ ਸੁਨਿਸ਼ਚਿਤ ਕਰਨਾ ਚਾਹੀਦਾ ਹੈ ਕਿ ਜਮ੍ਹਾਂ ਰਾਸ਼ੀਆਂ ਤੇ ਵਿਆਜ ਦੀਆਂ ਦਰਾਂ, ਮਿਆਦ ਪੂਰੀ ਹੋਣ ਤੋਂ ਪਹਿਲਾਂ ਜਮ੍ਹਾਂ ਰਾਸ਼ੀ ਨੂੰ ਕਢਵਾਉਣ, ਮਿਆਦੀ ਜਮ੍ਹਾਂ ਰਾਸ਼ੀਆਂ ਵਿਰੁੱਧ ਕਰਜ਼ਿਆਂ ਦੀ ਮਨਜ਼ੂਰੀ ਆਦਿ ਬਾਰੇ ਸਮੇਂ-ਸਮੇਂ ਤੇ ਜਾਰੀ ਭਾਰਤੀ ਰਿਜ਼ਰਵ ਬੈਂਕ ਦੇ ਨਿਰਦੇਸ਼ਾਂ ਅਧੀਨ ਪ੍ਰਬੰਧਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਵੇ। ਇਸ ਸਬੰਧ ਵਿਚ ਕਿਸ ਵੀ ਤਰ੍ਹਾਂ ਦੀ ਕੁਤਾਹੀ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਇਸ ਲਈ ਬੈਂਕਿੰਗ ਰੈਗੂਲੇਸ਼ਨ ਐਕਟ, 1949 ਅਧੀਨ ਜੁਰਮਾਨਾ ਕੀਤਾ ਜਾ ਸਕਦਾ ਹੈ।

## 2.24 ਬਚਤ ਖਾਤਿਆਂ ਵਿਚ ਘੱਟੋ ਘੱਟ ਬਕਾਇਆ ਰਾਸ਼ੀ

ਖਾਤੇ ਖੋਲ੍ਹਣ ਸਮੇਂ ਬੈਂਕਾਂ ਦੁਆਰਾ ਆਪਣੇ ਗ੍ਰਾਹਕਾਂ ਨੂੰ ਖਾਤੇ ਵਿਚ ਘੱਟੋ ਘੱਟ ਜਮ੍ਹਾਂ ਰਾਸ਼ੀ ਅਤੇ ਘੱਟੋ ਘੱਟ ਰਾਸ਼ੀ ਜਮ੍ਹਾਂ ਨਾ ਰੱਖਣ ਦੀ ਸੂਰਤ ਵਿਚ ਵਸੂਲ ਕੀਤੇ ਜਾਣ ਵਾਲੇ ਖਰਚਿਆਂ ਬਾਰੇ ਪਾਰਦਰਸ਼ਕ ਢੰਗ ਨਾਲ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਬਾਅਦ ਵਿਚ ਵਸੂਲ ਕੀਤੇ ਗਏ ਕਿਸੇ ਵੀ ਖਰਚੇ ਬਾਰੇ ਸਾਰੇ ਖਾਤੇਦਾਰਾਂ ਨੂੰ ਇਕ ਮਹੀਨੇ ਦੇ ਨੋਟਿਸ ਰਾਹੀਂ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਬੈਂਕਾਂ ਦੁਆਰਾ ਆਪਣੇ ਵਰਤਮਾਨ ਗ੍ਰਾਹਕਾਂ ਨੂੰ ਘੱਟੋ ਘੱਟ ਇਕ ਮਹੀਨੇ ਦੇ ਅਗਾਊ ਨੋਟਿਸ ਰਾਹੀਂ ਖਾਤੇ ਵਿਚ ਰੱਖੀ ਜਾਣ ਵਾਲੀ ਨਿਰਧਾਰਤ ਘੱਟੋ ਘੱਟ ਰਾਸ਼ੀ ਵਿਚ ਕਿਸੇ ਪਰਿਵਰਤਨ ਅਤੇ ਘੱਟੋ ਘੱਟ ਰਾਸ਼ੀ ਜਮ੍ਹਾਂ ਨਾ ਰੱਖਣ ਕਾਰਣ ਵਸੂਲ ਕੀਤੇ ਜਾਣ ਵਾਲੇ ਖਰਚਿਆਂ ਵਿਚ ਕਿਸੇ ਪਰਿਵਰਤਨ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

## 2.25 ਨੋ-ਫ੍ਰਿਲਸ ਖਾਤਾ

ਆਰਥਿਕ ਸਮਾਵੇਸ਼ ਦੇ ਉਦੇਸ਼ ਨੂੰ ਪ੍ਰਾਪਤ ਕਰਨ ਦੇ ਵਿਚਾਰ ਨਾਲ ਸਾਰੇ ਬੈਂਕਾਂ ਦੁਆਰਾ ਇਕ ਆਧਾਰ ਭੂਤ ਬੈਂਕਿੰਗ ਵਾਲਾ ਨੋ ਫ੍ਰਿਲਸ ਖਾਤਾ ਉਪਲਬੱਧ ਕਰਵਾਉਣਾ ਚਾਹੀਦਾ ਹੈ ਜਿਸ ਵਿਚ ਜਾਂ ਤਾਂ ਘੱਟੋ ਘੱਟ ਬਕਾਇਆ ਰਾਸ਼ੀ ਜਮ੍ਹਾਂ ਰੱਖਣ ਦੀ ਲੋੜ ਹੀ ਨਾ ਹੋਵੇ ਜਾਂ ਨਾ ਮਾਤਰ ਘੱਟੋ ਘੱਟ ਰਾਸ਼ੀ ਜਮ੍ਹਾਂ ਰੱਖਣੀ ਹੋਵੇ ਅਤੇ ਖਰਚੇ ਵੀ ਨਾਂ ਮਾਤਰ ਹੋਣ ਤਾਂ ਜੋ ਵੱਧੋ ਵੱਧ ਜਨਤਾ ਅਜਿਹੇ ਖਾਤਿਆਂ ਤੱਥ ਆਪਣੀ ਪਹੁੰਚ ਬਣਾ ਸਕੇ। ਅਜਿਹੇ ਖਾਤਿਆਂ ਵਿਚ ਲੈਣ ਦੇਣ ਦੇ ਸਵਰੂਪ ਅਤੇ ਸੰਖਿਆ ਨੂੰ ਸੀਮਤ ਕੀਤਾ ਜਾ ਸਕਦਾ ਹੈ ਪਰੰਤੂ ਇਸ ਬਾਰੇ ਗ੍ਰਾਹਕਾ ਨੂੰ ਪਾਰਦਰਸ਼ਕ ਢੰਗ ਨਾਲ ਅਗਾਊ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ। ਸਾਰੇ ਬੈਂਕਾਂ ਦੁਆਰਾਂ ਅਜਿਹੇ ਨੋ ਫ੍ਰਿਲਸ ਖਾਤੇ ਬਾਰੇ ਸਥਾਨਕ ਪ੍ਰਚਾਰ ਮਾਧਿਅਮਾਂ ਦੀ ਸਹੂਲਤ ਰਾਹੀਂ ਦੂਰ-ਦੂਰ ਤੱਕ ਪ੍ਰਚਾਰ ਕਰਨਾ ਚਾਹੀਦਾ ਹੈ ਜਿਸ ਵਿਚ ਸੁਵਿਧਾਵਾਂ ਅਤੇ ਖਰਚਿਆਂ ਬਾਰੇ ਪਾਰਦਰਸ਼ੀ ਰੂਪ ਵਿਚ ਦੱਸਿਆ ਜਾਵੇ।

ਬੈਂਕਾਂ ਦੇ ਯਤਨਾ ਕਾਰਨ ਸਾਧਾਰਨ ਵਿਅਕਤੀ ਬੈਂਕ ਖਾਤੇ ਖੋਲ੍ਹਣ ਦੇ ਕਾਬਿਲ ਹੋਇਆ ਹੈ। ਪਰੰਤੂ ਆਰਥਿਕ ਸਮਾਵੇਸ਼ ਦੇ ਉਦੇਸ਼ ਪੂਰੀ ਤਰ੍ਹਾਂ ਹਾਸਲ ਨਹੀਂ ਕੀਤੇ ਜਾ ਸਕਣਗੇ ਜੇਕਰ ਬੈਂਕ ਦੇਸ਼ ਦੇ ਦੂਰ ਦਰਾਜ ਦੇ ਇਲਾਕਿਆਂ ਤੱਕ ਬੈਂਕਾਂ ਦੀ ਪਹੁੰਚ ਨਹੀਂ ਵਧਾਉਂਦੇ। ਅਜਿਹਾ ਉਚਿੱਤ ਟੈਕਨਾਲੋਜੀ ਦੀ ਵਰਤੋਂ ਨਾਲ ਬਰਦਾਸ਼ਤਯੋਗ ਸਾਜ ਸਮਾਨ ਅਤੇ ਕੰਮ ਕਾਜ ਸਬੰਧੀ ਘੱਟ ਖਰਚਿਆਂ ਨਾਲ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਬੈਂਕਾਂ ਨੂੰ ਛੋਟੇ-ਛੋਟੇ ਲੈਣ ਦੇਣ ਨੂੰ ਜਾਰੀ ਰੱਖਣ ਲਈ ਖਰਚਿਆਂ ਨੂੰ ਘੱਟ ਕਰਨ ਵਿਚ ਮਦਦ ਮਿਲੇਗੀ। ਕੁਝ ਬੈਂਕਾਂ ਨੇ ਪਹਿਲਾਂ ਹੀ ਦੇਸ਼ ਦੇ ਦੂਰ ਦਰਾਜ ਦੇ ਇਲਾਇਕਆ ਵਿਚ ਸ਼ਾਖਾਵਾਂ ਤੋਂ ਮੁਹਈਆਂ ਕਰਵਾਈਆਂ ਜਾਣ ਵਾਲੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਸਮਾਰਟ ਕਾਰਡਾਂ/ਮੋਬਾਇਲ ਤਕਨੀਕੀ ਦੀ ਵਰਤੋਂ ਦੀਆਂ ਕੁਝ ਅਗੇਤਰੀਆਂ ਯੋਜਨਾਵਾਂ ਸ਼ੁਰੂ ਕਰ ਦਿੱਤੀਆਂ ਹਨ। ਇਸ ਲਈ, ਬੈਂਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਉਚਿੱਤ ਤਕਨੀਕੀ ਦੀ ਵਰਤੋਂ ਕਰਕੇ ਆਪਣੇ ਆਰਥਿਕ ਸਮਾਵੇਸ਼ ਦੀ ਯਤਨਾ ਵਿਚ ਵਾਧਾ ਕਰਨ। ਇਹ ਸੁਨਿਸ਼ਚਿਤ ਕਰਨ ਲਈ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਵਿਕਸਿਤ ਕੀਤੇ ਗਏ ਸਮਾਧਾਨ (i) ਅਤਿਅੰਤ ਸੁਰੱਖਿਅਤ (ii) ਆਡਿਟ ਅਨੁਕੂਲ ਅਤੇ (iii) ਆਮ ਤੌਰ ਤੇ ਸਵੀਕਾਰ ਕੀਤੇ ਜਾਣ ਵਾਲੇ ਵਿਆਪਕ ਮਿਆਰਾਂ ਅਨੁਸਾਰ ਹੋਣ ਤਾਂ ਜੋ ਵੱਖ-ਵੱਖ ਬੈਂਕਾਂ ਦੁਆਰਾ ਅਪਣਾਈਆਂ ਗਈਆਂ ਵੱਖ-ਵੱਖ ਪ੍ਰਣਾਲੀਆਂ ਵਿਚ ਪਰਸਪਰ ਕੰਮ ਕਾਜ ਕੀਤਾ ਜਾ ਸਕੇ।

## 2.26 ਛੋਟਾਂ

ਉਪਰੋਕਤ ਪੈਰਿਆਂ ਵਿਚਲੇ ਪ੍ਰਬੰਧ ਹੇਠ ਲਿਖਿਆਂ ਤੇ ਲਾਗੂ ਨਹੀਂ ਹੋਣਗੇः

(i) ਬੈਂਕ ਦੁਆਰਾ ਪ੍ਰਾਪਤ ਕੀਤੀ ਉਹ ਜਮ੍ਹਾਂ ਰਾਸ਼ੀ

(ਏ) ਕਾਲ/ਨੋਟਿਸ/ਟਰਮ ਮਨੀਮਾਰਕੀਟ ਵਿਚ ਠੇਕਾ ਲੈਣ ਵਾਲੀਆਂ ਅਤੇ ਕਰਜ਼ਾ ਲੈਣ ਵਾਲਿਆਂ ਦੇ ਰੂਪ ਵਿਚ ਹਿੱਸਾ ਲੈਣ ਲਈ ਅਧਿਕਾਰ ਪ੍ਰਾਪਤ ਸੰਸਥਾਵਾਂ, ਜਿਵੇਂ ਕਿ (ਆਰ ਆਰ ਬੀਜ਼ ਨੂੰ ਛੱਡ ਕੇ ) ਸਾਰੇ ਸ਼ੈਡਿਊਲਡ

ਵਪਾਰਕ ਬੈਂਕ, ਸਹਿਕਾਰੀ ਬੈਂਕ ਅਤੇ ਪ੍ਰਾਇਮਰੀ ਡੀਲਰਜ਼ ਤੋਂ ਪ੍ਰਾਪਤ ਹੋਈ ਹੋਵੇ ;

(ਬੀ) ਜਿਸ ਲਈ ਇਸ ਨੇ ਪਾਰਟੀਸਿਪੇਸ਼ਨ ਸਰਟੀਫਿਕੇਟ ਜਾਰੀ ਕੀਤਾ ਹੋਵੇ

(ਸੀ) ਫਾਰਨ ਕਰੰਸੀ (ਨਾਨ-ਰੈਜ਼ੀਡੈਂਟ) ਅਕਾਉਂਟਸ (ਬੈਂਕਸ) ਸਕੀਮ, ਰੈਜ਼ੀਡੈਂਟ ਫਾਰਨ ਕਰੰਸੀ ਅਕਾਉਂਟ ਐਂਡ ਐਕਸਚੇਂਜ ਅਰਨਰਸ ਫਾਰਨ ਕਰੰਸੀ ਆਕਉਂਟਸ ਅਧੀ ਪ੍ਰਾਪਤ ਰਾਸ਼ੀਆਂ ਤੇ ;

(ਡੀ) ਕੈਪੀਟਲ ਗੇਨਸ ਅਕਾਉਂਟਸ ਸਕੀਮ 1988 ਜੋ ਕਿ ਭਾਰਤ ਸਰਕਾਰ ਦੁਆਰਾ ਇਨਕਮ ਟੈਕਸ ਐਕਟ 1961 ਦੇ ਸੈਕਸ਼ਨ 54 ਦੇ ਸਬ ਸੈਕਸ਼ਨ (2) ਸੈਕਸ਼ਨ 54 ਬੀ ਦੇ ਸਬ ਸੈਕਸ਼ਨ (2) ਸੈਕਸ਼ਨ 54 ਡੀ ਦੇ ਸਬ ਸੈਕਸ਼ਨ (2) ਸੈਕਸ਼ਨ 54 ਐਫ ਦੇ ਸਬ ਸੈਕਸ਼ਨ (4) ਅਤੇ 54 ਜੀ ਦੇ ਸਬ ਸੈਕਸ਼ਨ (2) ਦੇ ਅਮਲ ਵਿਚ ਬਣਾਈ ਗਈ ਸੀ, ਅਧੀਨ ਪ੍ਰਾਪਤ ਕੀਤੀ ਗਈ ਹੋਵੇ ;

(ਈ) ਸਰਟੀਫਿਕੇਟ ਆਫ ਡਿਪਾਜਿਟ ਸਕੀਮ ਅਧੀਨ ਪ੍ਰਾਪਤ ਕੀਤੀ ਗਈ ਹੋਵੇ।

(ii) ਬਾਹਰਲੇ ਸ਼ਹਿਰਾਂ ਦੇ ਚੈਕਾਂ, ਡਰਾਫਟਾਂ, ਬਿਲਾਂ, ਟੈਲੀਗ੍ਰਾਫਿਕ/ਮੇਲ ਟ੍ਰਾਂਸਫਰ ਆਦਿ ਵਰਗੇ ਦਸਤਾਵੇਜਾਂ ਦੀ ਰਾਸ਼ੀ ਦੇ ਕੁਲੈਕਸ਼ਨ ਵਿਚ ਦੇਰੀ ਕਾਰਨ ਵਿਆਜ ਦੇ ਭੁਗਤਨ ਤੇ।

## 2.27 ਪਾਬੰਦੀਆਂ

ਕਿਸੇ ਵੀ ਬੈਂਕ ਦੁਆਰਾ

(ਏ) ਉਪਰੋਕਤ ਪੈਰ੍ਹਾਗ੍ਰਾਫ 2.8 ਅਤੇ 2.17 (ਬੀ) ਵਿਚ ਦਰਸਾਏ ਪ੍ਰਬੰਧਾਂ ਤੋਂ ਇਲਾਵਾ ਚਾਲੂ ਖਾਤੇ ਤੇ ਵਿਆਜ ਦਾ ਭੁਗਤਾਨ ਨਹੀਂ ਕੀਤਾ ਜਾਣਾ ਚਾਹੀਦਾ,

(ਬੀ) ਆਪਣੇ ਕਰਜ਼ਦਾਰਾਂ ਦੁਆਰਾ ਖੋਲ੍ਹੇ ਗਏ ਚਾਲੂ ਖਾਤਿਆਂ ਤੇ Countervailing ਵਿਆਜ ਦਾ ਭੁਗਤਾਨ ਨਹੀਂ ਕੀਤਾ ਜਾਣਾ ਚਾਹੀਦਾ।

(ਸੀ) ਇਕੋ ਹੀ ਦਿਨ ਅਤੇ ਇਕੋ ਅਵਧੀ ਲਈ ਸਵੀਕਾਰ ਕੀਤੀਆਂ ਗਈਆਂ ਵੱਖ-ਵੱਖ ਜਮ੍ਹਾਂ ਰਾਸ਼ੀਆਂ ਲਈ ਵਿਆਜ ਦੇ ਭੁਗਤਾਨ ਬਾਰੇ ਭੇਦ ਭਾਵ ਨਹੀਂ ਕੀਤਾ ਜਾਣਾ ਚਾਹੀਦਾ ਭਾਵੇਂ ਇਹ ਜਮ੍ਹਾਂ ਰਾਸ਼ੀਆਂ ਬੈਂਕ ਦੇ ਇਕੋ ਹੀ ਦਫ਼ਤਰ ਵਿਚ ਸਵੀਕਾਰ ਕੀਤੀਆਂ ਗਈਆਂ ਹੋਣ ਜਾਂ ਵੱਖ-ਵੱਖ ਦਫ਼ਤਰਾਂ ਵਿਚ, ਸਿਵਾਏ ਭਾਰਤ ਵਿਚ ਰਹਿਣ ਵਾਲੇ ਵਰਿਸ਼ਠ ਨਾਗਰਿਕਾਂ ਲਈ ਵਿਸ਼ੇਸ਼ ਤੌਰ ਤੇ ਕਿਸੇ ਵੀ ਆਕਾਰ ਦੀਆਂ ਸਾਧਾਰਨ ਜਮ੍ਹਾਂ ਰਾਸ਼ੀਆਂ ਦੇ ਮੁਕਾਬਲੇ ਵੱਧ ਅਤੇ ਨਿਸ਼ਚਿਤ ਵਿਆਜ ਦੀ ਪੇਸ਼ਕਸ਼ ਕਰਨ ਵਾਲੀਆਂ ਯੋਜਨਾਵਾਂ ਅਤੇ 15 ਲੱਖ ਰੁਪਏ ਤੋਂ ਉਪਰ ਵਾਲੀਆਂ ਇਕੱਲੀ ਮਿਆਦੀ ਜਮ੍ਹਾਂ ਰਾਸ਼ੀ ਜਿਸ ਲਈ ਉਸ ਦੇ ਆਕਾਰ ਦੇ ਆਧਾਰ ਤੇ ਵਿਆਜ ਦੀਆਂ ਵੱਖ-ਵੱਖ ਦਰਾਂ ਲਾਗੂ ਕੀਤੀਆਂ ਜਾ ਸਕਦੀਆਂ ਹਨ। ਵਿਆਜ ਦੀਆਂ ਵੱਖ-ਵੱਖ ਦਰਾਂ ਦੀ ਪੇਸ਼ਕਸ਼ ਹੇਠ ਲਿਖੀਆਂ ਸ਼ਰਤਾਂ ਅਧੀਨ ਕੀਤੀ ਜਾ ਸਕਦੀ ਹੈ:

(i) ਇਕੋ ਪਰਿਪੱਕਤਾ ਦੀ ਅਵਧੀ ਵਾਲੀਆ ਜਮ੍ਹਾਂ ਰਾਸ਼ੀਆਂ ਲਈ ਵੱਖ-ਵੱਖ ਵਿਆਜ ਦਰਾਂ ਦੀ ਪੇਸ਼ਕਸ਼ ਲਈ ਇਜਾਜਤ 15 ਲੱਖ ਰੁਪਏ ਜਾਂ ਉਪਰ ਵਾਲੀ ਇਕੱਲੀ ਮਿਆਦੀ ਜਮ੍ਹਾਂ ਰਾਸ਼ੀ ਤੇ ਲਾਗੂ ਹੁੰਦੀ ਹੈ। ਇਸ ਲਈ, 15 ਲੱਖ ਰੁਪਏ ਜਾਂ ਇਸ ਤੋਂ ਵੱਧ ਆਕਾਰ ਦੀਆਂ ਜਮ੍ਹਾਂ ਰਾਸ਼ੀਆਂ ਤੇ ਬੈਂਕਾਂ ਦੁਆਰਾ ਇਕੋ ਜਿਹੀ ਵਿਆਜ ਦਰ ਲਾਗੂ ਹੋਵੇਗੀ। ਇਸ ਸਬੰਧ ਵਿਚ, ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬੈਂਕਾਂ ਲਈ ਇਹ ਉਚਿੱਤ ਨਹੀਂ ਹੋਵੇਗਾ ਜੇਕਰ ਭਾਰਤ ਸਰਕਾਰ ਦੁਆਰਾ ਆਪਣੀ ਅਧਿਸੂਚਨਾ ਨੰ: 203/2006 ਮਿਤੀ 28 ਜੁਲਾਈ, 2006 ਰਾਹੀਂ ਘੋਸ਼ਿਤ ਬੈਂਕ ਟਰਮ ਡਿਪਾਜਿਟ ਸਕੀਮ, 2006 ਦੇ ਆਧਾਰ ਤੇ ਉਨ੍ਹਾਂ ਦੁਆਰਾ ਤਿਆਰ

ਕੀਤੀਆਂ ਡਿਪਾਜਿਟ ਸਕੀਮਾਂ ਅਧੀਨ ਵੱਧ/ਵੱਖ-ਵੱਖ ਵਿਆਜ ਦਰ ਦੀ ਪੇਸ਼ਕਸ਼ ਕੀਤੀ ਜਾਵੇ।

(ii) ਬੈਂਕਾਂ ਦੁਆਰਾ ਜਮ੍ਹਾਂ ਰਾਸ਼ੀਆਂ ਤੇ ਭੁਗਤਾਨ ਯੋਗ ਵਿਆਜ ਦਰਾਂ ਬਾਰੇ ਪਹਿਲਾਂ ਤੋਂ ਹੀ ਖੁਲਾਸਾ ਕਰ ਦੇਣਾ ਚਾਹੀਦਾ ਜਿਨ੍ਹਾਂ ਵਿਚ ਉਨ੍ਹਾਂ ਰਾਸ਼ੀਆਂ ਬਾਰੇ ਜਿਨ੍ਹਾਂ ਤੇ ਵਿਸ਼ੇਸ਼ ਵਿਆਜ ਦਰਾਂ ਤੇ ਵਿਆਜ ਦਾ ਭੁਗਤਾਨ ਕੀਤਾ ਜਾਵੇਗਾ, ਵੀ ਜ਼ਿਕਰ ਹੋਣਾ ਚਾਹੀਦਾ ਹੈ। ਬੈਂਕ ਦੁਆਰਾ ਕੀਤਾ ਗਿਆ ਵਿਆਜ ਦਾ ਭੁਗਤਾਨ ਵਿਆਜ ਦਰਾਂ ਦੀ ਸੂਚੀ ਅਨੁਸਾਰ ਹੋਣਾ ਚਾਹੀਦਾ ਹੈ ਅਤੇ ਇਹ ਖਾਤੇਦਾਰਾਂ ਅਤੇ ਬੈਂਕਾਂ ਦਰਮਿਆਨ ਸੌਦੇਬਾਜੀ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ।

(ਡੀ) ਹੇਠ ਲਿਖਿਆਂ ਤੋਂ ਇਲਾਵਾ ਕਿਸੇ ਵਿਅਕਤੀ, ਵਪਾਰਕ ਸੰਸਥਾ, ਕੰਪਨੀ, ਐਸੋਸੀਏਸ਼ਨ, ਸੰਸਥਾ ਜਾਂ ਕਿਸੇ ਹੋਰ ਵਿਅਕਤੀ ਨੂੰ ਕਮਿਸ਼ਨ ਜਾਂ ਤੋਹਫੇ ਜਾਂ ਜਮ੍ਹਾਂ ਰਾਸ਼ੀਆਂ ਤੇ ਪ੍ਰੇਰਕ ਰਾਸ਼ੀਆਂ ਜਾਂ ਕਿਸੇ ਵੀ ਹੋਰ ਰੂਪ ਵਿਚ ਦਲਾਲੀ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ:

(i) ਵਿਸ਼ੇਸ਼ ਯੋਜਨਾ ਅਧੀਨ ਘਰ ਘਰ ਜਾ ਕੇ ਜਮ੍ਹਾਂ ਰਾਸ਼ੀਆਂ ਇਕੱਠੀਆਂ ਕਰਨ ਵਾਲੇ ਏਜੰਟਾਂ ਨੂੰ ਦਿੱਤੀ ਗਈ ਕਮਿਸ਼ਨ। ਬਿਜਨਸ ਸੁਵਿਧਾਵਾਂ ਅਤੇ ਬਿਜਨੈਸ ਪੱਤਰ ਵਿਹਾਰ ਦੀ ਵਰਤੋਂ ਰਾਹੀਂ ਜਮ੍ਹਾਂ ਰਾਸ਼ੀਆਂ ਇਕੱਠੀਆਂ ਕਰਨ ਸਮੇਤ ਆਰਥਿਕ ਅਤੇ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਬੈਂਕਾਂ ਨੂੰ ਗੈਰ-ਸਰਕਾਰੀ ਸੰਗਠਨਾਂ (ਐਨ ਜੀ ਓਜ) ਸਵੈ-ਸਹਾਇਕ ਸਮੂਹਾਂ (ਐਸ ਐਚ ਜੀਜ) ਮਾਈਕ੍ਰੋਫਾਈਨੈਂਸ ਇੰਸਟੀਚਿਊਟ (ਐਮ ਐਫ ਆਈਜ) ਅਤੇ ਹੋਰ ਸਿਵਲ ਸੁਸਾਇਟੀ ਆਰਗੇਨਾਈਜੇਸਨ (ਸੀ ਐਸ ਓਜ) ਦੀਆਂ ਸੇਵਾਵਾਂ ਨੂੰ ਵਿਚੋਲਿਆਂ ਦੇ ਰੂਪ ਵਿਚ ਵਰਤਣ ਦੀ ਆਗਿਆ ਦਿੱਤੀ ਗਈ ਹੈ। ਬੈਂਕਾਂ ਦੁਆਰਾ ਬਿਜਨਸ ਸੁਵਿਧਾਵਾਂ/ਪੱਤਰਵਿਹਾਰ ਨੂੰ

ਉਚਿੱਤ ਕਮਿਸ਼ਨ/ਫੀਸ ਦਾ ਭੁਗਤਾਨ ਕੀਤਾ ਜਾ ਸਕਦਾ ਹੈ। ਬਿਜਨਸ ਸੁਵਿਧਾਵਾਂ/ਪੱਤਰਵਿਹਾਰ ਨਾਲ ਕੀਤੇ ਗਏ ਇਕਰਾਰਨਾਮੇ ਵਿਚ ਉਨ੍ਹਾਂ ਤੇ ਵਿਸ਼ੇਸ਼ ਤੌਰ ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਕਿ ਉਹ ਆਪਣੇ ਦੁਆਰਾ ਪ੍ਰਦਾਨ ਕੀਤੀਆਂ ਸੇਵਾਵਾਂ ਲਈ ਗ੍ਰਾਹਕਾਂ ਤੋਂ ਬੈਂਕਾਂ ਦੇ ਨਾਮ ਤੇ ਸਿੱਧਿਆਂ ਕੋਈ ਫੀਸ ਵਸੂਲ ਨਹੀਂ ਕਰਨਗੇ।

(ii) 250/-ਰੁਪਏ ਤੋਂ ਘੱਟ ਕੀਮਤ ਦੇ ਸਸਤੇ ਤੋਹਫੇ ਅਤੇ

(iii) ਭਾਰਤੀ ਰਿਜ਼ਰਵ ਬੈਂਕ ਦੁਆਰਾ ਸਮੇਂ-ਸਮੇਂ ਤੇ ਮੰਜੂਰ ਕੀਤੇ ਗਏ ਬੈਂਕ ਕਰਮਚਾਰੀਆਂ ਨੂੰ ਦਿੱਤੇ ਜਾਣ ਵਾਲੇ ਪ੍ਰੇਰਕ ਤੋਹਫੇ।

(ਈ) ਉਪਰੋਕਤ ਕਲਾਜ਼ (ਡੀ) ਦੀ ਸਬ ਕਲਾਜ਼ (i) ਵਿਚ ਪਰਵਾਨਿਤ ਸੀਮਾਂ ਤੋਂ ਇਲਾਵਾ ਕਿਸੇ ਵੀ ਰੂਪ ਜਾਂ ਕਿਸੇ ਵੀ ਢੰਗ ਨਾਲ ਮਿਹਨਤਾਨੇ ਜਾਂ ਫੀਸ ਜਾਂ ਕਮਿਸ਼ਨ ਦੇ ਆਧਾਰ ਤੇ ਜਮ੍ਹਾਂ ਰਾਸ਼ੀਆਂ ਇਕੱਠੀਆਂ ਕਰਨ ਜਾਂ ਜਮ੍ਹਾਂ ਰਾਸ਼ੀਆਂ ਨਾਲ ਸਬੰਧਤ ਹੋਰ ਕਿਸੇ ਉਤਪਾਦ ਦੀ ਵਿਕਰੀ ਲਈ ਕਿਸੇ ਵਿਅਕਤੀ, ਵਪਾਰਕ ਸੰਸਥਾ, ਕੰਪਨੀ, ਐਸੋਸੀਏਸ਼ਨ, ਸੰਸਥਾ ਜਾਂ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਨਹੀਂ ਕੀਤਾ ਜਾਵੇਗਾ।

(ਐਫ) ਜਮ੍ਹਾਂ ਰਾਸ਼ੀਆਂ ਲਈ ਪ੍ਰੇਰਕ ਯੋਜਨਾਵਾਂ ਵਜੋਂ ਇਨਾਮ/ਲਾਟਰੀ/(ਭਾਰਤ ਦੇ ਅੰਦਰ ਅਤੇ/ਜਾਂ ਵਿਦੇਸ਼ ਵਿਚ) ਯਾਤਰਾ ਦੀ ਪੇਸ਼ਕਸ਼ ਨਹੀਂ ਕੀਤੀ ਜਾਵੇਗੀ।

(ਜੀ) ਵਰਤਮਾਨ/ਭਵਿੱਖ ਦੇ ਕਰਜ਼ਾ ਲੈਣ ਵਾਲਿਆਂ ਦੀਆਂ ਧੰਨ ਸਬੰਧੀ ਲੋੜਾਂ ਨੂੰ ਪੂਰਾ ਰਨ ਲਈ ਜਾਂ ਜਮ੍ਹਾਂ ਰਾਸ਼ੀਆਂ ਲਈ ਪ੍ਰੇਰਿਤ ਕਰਨ ਦੇ ਖਰਚੇ ਦੇ ਆਧਾਰ ਤੇ ਵਿਚੋਲਿਆਂ ਨੂੰ ਕਰਜ਼ੇ ਦੇਣ ਲਈ ਏਜੰਟਾਂ / ਤੀਜੀ ਧਿਰਾਂ ਰਾਹੀਂ ਸਾਧਨ ਜੁਟਾਉਣ ਦੀ ਅੈਨਤਿਕ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ।

(ਐਚ) ਕਿਸੇ ਵਿਸ਼ੇਸ਼ ਅਵਧੀ ਲਈ ਬੈਂਕ ਦੁਆਰਾ ਪੇਸ਼ਕਸ਼ ਕੀਤੀ ਗਈ ਸਾਧਾਰਨ ਵਿਆਜ ਦੀ ਅਸਲ ਦਰ ਦੇ ਜ਼ਿਕਰ ਬਿਨਾਂ ਜਮ੍ਹਾਂ ਰਾਸ਼ੀ ਤੋਂ ਪ੍ਰਾਪਤ ਹੋਣ ਵਾਲੀ ਕੁਲ

ਆਮਦਨ ਦਰਸ਼ਾਂ ਕੇ ਲੋਕਾਂ ਤੋਂ ਜਮ੍ਹਾਂ ਰਾਸ਼ੀਆਂ ਪ੍ਰਾਪਤ ਕਰਨ ਲਈ ਵਿਗਿਆਪਨ/ਸਾਹਿਤ ਜਾਰੀ ਕੀਤਾ ਜਾਵੇਗਾ।

(ਆਈ) ਚਾਲੂ ਖਾਤੇ ਵਿਚ ਰੱਖੀ ਗਈ ਮਾਰਜਨ ਮਨੀ ਤੇ ਵਿਆਜ ਨਹੀਂ ਦਿੱਤਾ ਜਾਵੇਗਾ।

(ਜੇ) ਚਾਲੂ ਖਾਤੇ ਵਿਚ ਰੱਖੀ ਗਈ ਰਾਸ਼ੀ ਵਿਰੁੱਧ ਸਰਕਾਰੀ ਵਿਭਾਗਾਂ/ਅਰਧ ਨੀਮ ਸਰਕਾਰੀ ਸੰਸਥਾਵਾਂ ਸਥਾਨਕ ਸੰਸਥਾਵਾਂ ਆਦਿ ਨੂੰ ਸੌਂਪਣ ਲਈ ਟੈਂਡਰਜ (ਠੇਕੇਦਾਰਾਂ) ਨੂੰ ਜਾਰੀ ਕੀਤੀਆਂ ਗਈਆਂ ਡਿਪਾਜਿਟ ਐਟ ਕਾਲ ਰਸੀਦਾਂ ਤੇ ਵਿਆਜ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ।

(ਕੇ) ਚਾਲੂ ਖਾਤੇ ਤੋਂ ਸਿਵਾ ਵਿਆਜ ਰਹਿਤ ਜਮ੍ਹਾਂ ਰਾਸ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਜਾਂ ਅਸਿੱਧੇ ਤੌਰ ਤੇ ਮੁਆਵਜਾ ਨਹੀਂ ਦਿੱਤਾ ਜਾਵੇਗਾ।

(ਐਲ) ਕਿਸੇ ਨਿਜੀ ਧੰਨ ਲਗਾਉਣ ਵਾਲਿਆਂ ਜਾਂ ਅਨਿਗਮਿਤ ਸੰਸਥਾਵਾਂ ਦੀ ਬੇਨਤੀ ਤੇ ਕਿਸੇ ਵੀ ਅਜਿਹੇ ਪ੍ਰਬੰਧਾਂ ਅਧੀਨ, ਜਿਸ ਵਿਚ ਜਾਂ ਤਾਂ ਨਿਜੀ ਧੰਨ ਲਗਾਉਣ ਵਾਲਿਆਂ ਦੇ ਹੋ ਵਿਚ ਜਮ੍ਹਾਂ ਰਾਸ਼ੀਆਂ ਦੀਆਂ ਰਸੀਦਾਂ ਜਾਰੀ ਕਰਨ ਜਾਂ ਮੁਖਤਿਆਰ ਨਾਮੇ, ਨੋਮੀਨੇਸ਼ਨ ਜਾਂ ਕਿਸੇ ਹੋਰ ਢੰਗ ਨਾਲ ਅਜਿਹੇ ਗ੍ਰਾਹਕਾਂ ਲਈ ਅਵਧੀ ਪੂਰੀ ਹੋਣ ਉਪਰੰਤ ਅਜਿਹੀ ਜਮ੍ਹਾਂ ਰਾਸ਼ੀ ਪ੍ਰਾਪਤ ਕਰਨ ਦਾ ਪ੍ਰਬੰਧ ਹੋਵੇ, ਨਿਜੀ ਧੰਨ ਲਗਾਉਣ ਵਾਲਿਆਂ ਤੋਂ ਉਨ੍ਹਾਂ ਦੀ ਬੇਨਤੀ ਤੇ ਜਮ੍ਹਾਂ ਰਾਸ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ।

(ਐਮ) ਮਿਆਦੀ ਜਮ੍ਹਾਂ ਰਾਸ਼ੀਆਂ ਵਿਰੁੱਧ ਪੇਸ਼ਗੀਆਂ ਜਾਂ ਹੋਰ ਬੈਂਕਾਂ ਵਿਚ ਜਮ੍ਹਾਂ ਰਾਸ਼ੀਆਂ ਸਬੰਧੀ

(ਐਨ) (i) ਸਰਕਾਰੀ ਮਹਿਕਮਿਆਂ/ਸੰਸਥਾਵਾਂ ਜੋ ਆਪਣਾ ਕੰਮ ਕਾਜ ਚਲਾਉਣ ਲਈ ਬਜਟ ਵਿਚ ਨਿਰਧਾਰਿਤ ਰਾਸ਼ੀਆਂ ਤੇ ਨਿਰਭਰ ਕਰਦੀਆਂ ਹਨ। ਨਗਰ ਨਿਗਮਾਂ ਜਾਂ ਨਗਰ ਪਾਲਿਕਾਵਾਂ/ਪੰਚਾਇਤ ਸਮਿਤੀਆਂ/ਕਰਜ਼ਾ ਦੇ ਮਕਾਨ ਉਸਾਰੀ

ਕਾਰਪੋਰੇਸ਼ਨ/ਸੋਸਾਇਟੀ/ਮੈਟ੍ਰੋਪੋਲੀਟਨ ਡਿਵੈਲਪਮੈਂਟ ਅਥਾਰਿਟੀ/ਸਟੇਟ/ਜਿਲ੍ਹਾ ਲੈਵਲ ਹਾਊਸਿੰਗ ਕੋਆਪ੍ਰੇਟਿਵ ਸੋਸਾਇਟੀਜ਼ ਆਦਿ ਜਾਂ ਕੋਈ ਰਾਜਨੀਤੀ ਦਲ ਜਾਂ ਕੋਈ ਵਪਾਰਕ/ਕਾਰੋਬਾਰੀ ਜਾਂ ਵਿਵਸਾਇਕ ਸੰਸਥਾਂ ਭਾਵੇਂ ਅਜਿਹੀ ਸੰਸਥਾ ਇਕੋ ਇਕ ਵਿਅਕਤੀ ਦੀ ਮਲਕੀਅਤ ਵਾਲੀ ਹੋਵੇ ਜਾਂ ਕੋਈ ਭਾਈਵਾਲੀ ਵਾਲੀ ਸੰਸਥਾ ਜਾਂ ਕੋਈ ਕੰਪਨੀ ਜਾਂ ਐਸੋਸੀਏਸ਼ਨ ਦੇ ਨਾਮ ਤੇ ਕੋਈ ਬਚਤ ਖਾਤਾ ਨਹੀਂ ਖੋਲ੍ਹਿਆ ਜਾਵੇਗਾ।

ਸਪਸ਼ਟੀਕਰਣ:

ਇਸ ਕਲਾਜ਼ ਦੇ ਉਦੇਸ਼ ਲਈ ਰਾਜਨੀਤਿਕ ਦਲ ਦਾ ਅਰਥ ਹੈ ਭਾਰਤੀ ਨਾਗਰਿਕਾਂ ਦੀ ਅਜਿਹੀ ਐਸੋਸੀਏਸ਼ਨ ਜਾਂ ਸੰਸਥਾਂ ਜੋ ਇਸ ਸਮੇਂ ਲਾਗੂ ਇਲੈਕਸ਼ਨ ਸਿੰਬਲਮ (ਰਿਜ਼ਰਵੇਸ਼ਨ ਐਂਡ ਅਲੋਟਮੈਂਟ) ਆਰਡਰ, 1968 ਅਧੀਨ ਭਾਰਤ ਦੇ ਚੋਣ ਕਮਿਸ਼ਨ ਨਾਲ ਰਾਜਨੀਤਿਕ ਦਲ ਦੇ ਰੂਪ ਵਿਚ ਰਜਿਸਟਰਡ ਹੈ, ਜਾਂ ਰਜਿਸਟਰਡ ਸਮਝਿਆ ਜਾਂਦਾ ਹੈ।

(iii) ਉਪਰੋਕਤ ਪਾਬੰਦੀ **ਅੰਤਿਕਾ-3** ਵਿਚ ਸ਼ਾਮਲ ਸੰਗਠਨਾਂ/ਏਜੰਸੀਆਂ ਤੇ ਲਾਗੂ ਨਹੀਂ ਹੋਵੇਗੀ।

## ਅੰਤਿਕਾ-I

## ਡੋਮੈਸਿਟਕ/ਆਰਡੀਨਰੀ ਨਾਨ-ਰੈਜ਼ੀਡੈਂਟ (ਐਨ ਆਰ ਓ) ਅਕਾਉਂਟਸ ਵਿਚ ਜਮ੍ਹਾਂ ਰਾਸ਼ੀਆਂ ਤੇ ਵਿਆਜ ਦੀਆਂ ਦਰਾਂ

| ਖਾਤੇ ਦੀ ਕਿਸਮ | | (ਫੀਸਦੀ ਪ੍ਰਤੀ ਸਾਲ) |
|---|---|---|
| (i) | ਚਾਲੂ | ਕੋਈ ਵਿਆਜ ਨਹੀਂ |
| (ii) | ਬਚਤ | 3.5 |
| (iii) | ਮਿਆਦੀ ਜਮ੍ਹਾਂ ਰਾਸ਼ੀਆਂ (ਘੱਟੋ ਘੱਟ ਅਵਧੀ 7 ਦਿਨ) | ਮੁਕਤ |

** 17 ਨਵੰਬਰ, 2005 ਨੂੰ ਭਾਰਤ ਵਿਚ ਕਾਰੋਬਾਰ ਬੰਦ ਹੋਣ ਦੇ ਸਮੇਂ ਤੋਂ ਘਰੇਲੂ ਬਚਤ ਖਾਤਿਆਂ ਤੇ ਵਿਆਜ ਦੀਆਂ ਦਰਾਂ ਐਨ ਆਰ ਈ ਬਚਤ ਖਾਤਿਆਂ ਤੇ ਵੀ ਲਾਗੂ ਹੋਣਗੀਆਂ।*

## ਅਨੁਲਗ-2

## (ਪੈਰਾ 2.2 ਬੀ (i) ਵਿਚ ਦੱਸੇ ਗਏ) ਨਾਨ-ਰੈਜ਼ੀਡੈਂਟ (ਐਕਸਟਰਨਲ) ਖਾਤਿਆਂ ਵਿਚਲੀਆਂ ਜਮ੍ਹਾਂ ਰਾਸ਼ੀਆਂ ਤੇ ਲਾਗੂ ਹੋਣ ਵਾਲੀਆਂ ਵਿਆਜ ਦਰਾਂ

(ਫੀਸਦੀ ਪ੍ਰਤੀ ਸਾਲ)

| | | |
|---|---|---|
| i | ਚਾਲੂ | ਕੋਈ ਵਿਆਜ ਨਹੀਂ |
| ii | ਬਚਤ ਖਾਤਾ | 17 ਨਵੰਬਰ, 2005 ਨੂੰ ਭਾਰਤ ਵਿਚ ਕਾਰੋਬਾਰ ਸਮਾਂ ਸਮਾਪਤ ਹੋਣ ਤੋਂ ਐਨ ਆਰ ਈ ਬਚਤ ਖਾਤਿਆਂ ਤੇ ਵਿਆਜ ਦੀਆਂ ਦਰਾਂ ਅਮਰੀਕਨ ਡਾਲਰਾਂ ਵਿਚ 6 ਮਹੀਨੇ ਦੀ ਅਵਧੀ ਲਈ ਜਮ੍ਹਾਂ ਰਾਸ਼ੀਆਂ ਤੇ ਲਿਬੋਰ/ਸਵੈਪ ਦਰਾਂ ਦੇ ਬਜਾਏ ਘਰੇਲੂ ਬਚਤਾਂ ਦੀਆਂ ਜਮ੍ਹਾਂ ਰਾਸ਼ੀਆਂ ਦੇ ਸਮਾਨ ਹੋਣੀਆਂ ਚਾਹੀਦੀਆਂ ਹਨ। |
| iii | ਮਿਆਦੀ ਜਮ੍ਹਾਂ ਰਾਸ਼ੀ | (ਏ) 24 ਅਪ੍ਰੈਲ, 2007 ਨੂੰ ਭਾਰਤ ਵਿਚ ਕਾਰੋਬਾਰ ਦਾ ਸਮਾਂ ਸਮਾਪਤ ਹੋਣ ਤੋਂ ਇਕ ਸਾਲ ਦੀ ਅਵਧੀ ਲਈ ਐਨ ਆਰ ਈ ਜਮ੍ਹਾਂ ਰਾਸੀਆਂ ਲਈ ਵਿਆਜ ਦੀਆਂ ਦਰਾਂ ਬੀਤੇ ਮਹੀਨੇ ਦੇ ਆਖਰੀ ਦਿਨ ਉਸੇ ਅਵਧੀ ਵਾਲੀਆਂ ਅਮਰੀਕਨ ਡਾਲਰਾਂ ਵਿਚ ਜਮ੍ਹਾਂ ਰਾਸ਼ੀਆਂ ਤੇ ਲਾਗੂ ਹੋਣ ਵਾਲੀਆਂ ਤੇ ਲਾਗੂ ਹੋਣ ਵਾਲੀਆਂ ਲਿਬੋਰ/ਸਵੈਪ ਦਰਾਂ ਤੋਂ ਵੱਧ ਨਹੀਂ ਹੋਣੀਆਂ ਚਾਹੀਦੀਆਂ (31 ਜਨਵਰੀ, 2007 ਨੂੰ ਕਾਰੋਬਾਰ ਦਾ ਸਮਾ ਸਮਾਪਤ ਹੋਣ ਤੋਂ ਲਿਬੋਰ/ਸਵੈਪ ਦਰਾਂ+50 ਮੂਲ ਅੰਕਾਂ ਦੀ ਬਜਾਏ) |
| | | (ਬੀ) ਬੀਤੇ ਮਹੀਨੇ ਦੇ ਆਖਰੀ ਦਿਨ ਪ੍ਰਭਾਵੀ ਲਿਬੋਰ/ਸਵੈਪ ਦਰਾਂ ਉਨ੍ਹਾਂ ਵਿਆਜ ਦਰਾਂ ਦੀ ਸੀਮਾ ਨੇ ਨਿਸ਼ਚਿਤ ਕਰਨ ਲਈ ਆਧਾਰ ਹੋਣਗੀਆਂ ਜਿਨ੍ਹਾਂ ਦੀ ਪੇਸ਼ਕਸ਼ ਅਗਲੇ ਮਹੀਨੇ ਤੋਂ ਲਾਗੂ ਹੋਣ ਵਾਲੀਆਂ ਵਿਆਜ ਦਰਾਂ ਦੇ ਰੂਪ ਵਿਚ ਕੀਤੀ ਜਾਵੇਗੀ। |
| | | (ਸੀ) ਵਿਆਜ ਦਰਾਂ ਵਿਚ ਉਪਰੋਕਤ ਪਰਿਵਰਤਨ ਵਿਦੇਸ਼ ਭੇਜੇ ਜਾਣ ਯੋਗ ਉਨ੍ਹਾਂ ਐਨ ਆਰ ਈ ਜਮ੍ਹਾਂ ਰਾਸ਼ੀਆਂ ਲਈ ਵੀ ਲਾਗੂ ਹੋਣਗੇ ਜਿਨ੍ਹਾਂ ਦਾ ਵਰਤਮਾਨ |

| | | |
|---|---|---|
| | | ਪਰਿਪੱਕਤਾ ਅਵਧੀ ਪੂਰੀ ਹੋਣ ਤੋਂ ਬਾਅਦ ਨਵੀਂਕਰਣ ਕਰ ਦਿੱਤਾ ਗਿਆ ਹੈ। |
| | | (ਡੀ) 29.04.2003 ਤੋਂ ਐਨ ਆਰ ਈ ਜਮ੍ਹਾਂ ਰਾਸ਼ੀਆਂ ਲਈ ਪਰਿਪੱਕਤਾ ਦੀ ਅਵਧੀ ਆਮ ਤੌਰ ਤੇ ਇਕ ਸਾਲ ਤੋਂ ਤਿੰਨ ਸਾਲ ਹੋਣੀ ਚਾਹੀਦੀ ਹੈ। ਇਹ ਉਨ੍ਹਾਂ ਐਨ ਆਰ ਈ ਜਮ੍ਹਾਂ ਰਾਸ਼ੀਆਂ ਤੇ ਵੀ ਲਾਗੂ ਹੋਵੇਗੀ ਜਿਨ੍ਹਾਂ ਦਾ ਵਰਤਮਾਨ ਪਰਿਪੱਕਤਾ ਅਵਧੀ ਪੂਰੀ ਹੋਣ ਤੇ ਨਵੀਂਕਰਣ ਕਰ ਦਿੱਤਾ ਗਿਆ ਹੈ। ਜੇਕਰ ਕੋਈ ਵਿਸ਼ੇਸ਼ ਬੈਂਕ ਆਪਣੇ ਪੂੰਜੀ ਅਤੇ ਦੇਣਦਾਰੀਆਂ ਦੇ ਪ੍ਰਬੰਧ ਨੂੰ ਧਿਆਨ ਵਿਚ ਰੱਖਦੇ ਹੋਏ 3 ਸਾਲ ਤੋਂ ਵੱਧ ਅਵਧੀ ਲਈ ਜਮ੍ਹਾਂ ਰਾਸ਼ੀ ਨੂੰ ਰੱਖਣਾ ਚਾਹੁੰਦਾ ਹੋਵੇ ਤਾਂ ਉਹ ਅਜਿਹਾ ਕਰ ਸਦਾ ਹੈ, ਬਸ਼ਰਤੇ ਕਿ ਅਜਿਹੀ ਲੰਮੀ ਅਵਧੀ ਦੀ ਜਮ੍ਹਾਂ ਰਾਸ਼ੀ ਤੇ ਵਿਆਜ ਦੀ ਦਰ 3 ਸਾਲ ਦੀ ਅਵਧੀ ਵਾਲੀ ਐਨ ਆਰ ਈ ਜਮ੍ਹਾਂ ਰਾਸ਼ੀ ਤੇ ਲਾਗੂ ਹੋਣ ਵਾਲੀ ਵਿਆਜ ਦਰ ਤੋਂ ਵੱਧ ਨਾ ਹੋਵੇ। |
| | | (ਈ) ਕੰਮ ਕਾਜ ਦੀ ਸੁਵਿਧਾ ਦੇ ਉਦੇਸ਼ਾਂ ਲਈ ਵਿਆਜ ਦੀਆਂ ਦਰਾਂ ਨੂੰ ਨਿਕਟਤਮ ਦੋ ਦਸ਼ਮਲਵ ਅੰਕਾਂ ਤੱਕ ਪੂਰਣ ਕੀਤਾ ਜਾਣਾ ਚਾਹੀਦਾ ਹੈ। ਉਦਾਹਰਣ ਲਈ 3.676 ਫੀਸਦੀ ਫਲਾਈ ਗਈ ਵਿਆਜ ਦਰ 3.68 ਫੀਸਦੀ ਹੋ ਜਾਵੇਗੀ ਅਤੇ 3.644 ਫੀਸਦੀ, 3.64 ਫੀਸਦੀ ਹੋ ਜਾਵੇਗੀ। |
| | | (ਐਫ) ਐਫ ਈ ਡੀ ਏ ਆਈ ਦੁਆਰਾ ਅਜਿਹੇ ਵੈਬ ਪੇਜ ਦੀ ਵਰਤੋਂ ਕਰਕੇ ਜਿਸ ਤੱਕ ਸਾਰੇ ਗ੍ਰਾਹਕਾਂ ਦੀ ਪਹੁੰਚ ਹੋ ਸਕੇ, ਹਰ ਮਹੀਨੇ ਦੇ ਆਖਰੀ ਦਿਨ ਰੋਇਟਰਸ ਸਕ੍ਰੀਨ ਤੇ ਲਿਬੋਰ/ਸਵੈਪ ਦਰਾਂ ਨੂੰ ਕਵੋਟ/ਡਿਸਪਲੇ ਕੀਤਾ ਜਾਵੇਗਾ। ਇਨ੍ਹਾਂ ਦਰਾਂ ਨੂੰ ਉਨ੍ਹਾਂ ਵਿਆਜ ਦਰਾਂ ਦੀ ਸੀਮਾ ਨਿਸ਼ਚਿਤ ਕਰਨ ਲਈ ਆਧਾਰ ਮੰਨਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਦੀ ਪੇਸ਼ਕਸ਼ ਅਗਲੇ ਮਹੀਨੇ ਲਈ ਕੀਤੀ ਜਾ ਸਕਦੀ ਹੈ। |

## ਅੰਤਿਕਾ-3

### ਉਨ੍ਹਾਂ ਸੰਗਠਨਾਂ/ਸੰਸਥਾਵਾਂ ਦੀ ਸੂਚੀ ਜਿਨ੍ਹਾਂ ਤੇ ਇਸ ਨਿਰਦੇਸ਼ ਦੀ ਕਲਾਜ਼ 2.26 (ਐਨ) (i) ਵਿਚਲੀ ਪਾਬੰਦੀ ਲਾਗੂ ਨਹੀਂ ਹੋਵੇਗੀ

(1) ਉਹ ਪ੍ਰਾਇਮਰੀ ਕੋਆਪਰੇਟਿਵ ਕ੍ਰੈਡਿਟ ਸੋਸਾਇਟੀ ਜਿਸ ਨੂੰ ਬੈਂਕ ਦੁਆਰਾ ਕਰਜ਼ਾ ਦਿੱਤਾ ਜਾ ਰਿਹਾ ਹੈ।

(2) ਖਾਦੀ ਅਤੇ ਪੇਂਡੂ ਉਦਯੋਗ ਮੰਡਲ

(3) ਕਿਸੀ ਉਤਪਾਦਾਂ ਸਬੰਧੀ ਮਾਰਕੀਟ ਕਮੇਟੀਆਂ

(4) ਕਿਸੇ ਰਾਜ ਜਾਂ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਸੋਸਾਇਟੀ ਰਜਿਸਟਰੇਸ਼ਨ ਐਕਟ, 1860 ਅਧੀਨ ਜਾਂ ਇਸ ਦੇ ਸਮਾਨ ਲਾਗੂ ਕਿਸੇ ਹੋਰ ਕਾਨੂੰਨ ਅਧੀਨ ਰਜਿਸਟਰਡ ਸੁਸਾਇਟੀਆਂ

(5) ਕੰਪਨੀਜ਼ ਐਕਟ, 1956 ਦੁਆਰਾ ਨਿਯੰਤ੍ਰਿਤ ਉਹ ਕੰਪਨੀਆਂ ਜਿਨ੍ਹਾਂ ਨੂੰ ਉਪਰੋਕਤ ਕਾਨੂੰਨ ਜਾਂ ਕੰਪਨੀਜ਼ ਐਕਟ, 1913 ਦਾ ਸਮਾਨ ਪ੍ਰਬੰਧ ਅਧੀਨ ਕੇਂਦਰ ਸਰਕਾਰ ਦੁਆਰਾ ਲਾਇਸੈਂਸ ਦਿੱਤਾ ਗਿਆ ਹੈ ਅਤੇ ਜਿਨ੍ਹਾਂ ਨੂੰ ਆਪਣੇ ਨਾਮ ਦੇ ਨਾਲ ਲਿਮਿਟੇਡ ਜਾਂ ਪ੍ਰਾਈਵੇਟ ਲਿਮਿਟੇਡ ਸ਼ਬਦ ਜੋੜਨ ਦੀ ਆਗਿਆ ਨਹੀਂ ਦਿੱਤੀ ਗਈ ਹੈ।

(6) ਕਾਲਜ਼ 22(ਐਨ) (i) ਵਿਚ ਜ਼ਿਕਰ ਕੀਤੀਆਂ ਸੰਸਥਾਵਾਂ ਤੋਂ ਇਲਾਵਾ ਸੰਸਥਾਵਾਂ ਅਤੇ ਜਿਨ੍ਹਾਂ ਦੀ ਸਾਰੀ ਆਮਦਨ ਤੇ ਇਨਕਮ ਟੈਕਸ ਐਕਟ, 1961 ਅਧੀਨ ਆਮਦਨ ਕਰ ਦੇ ਭੁਗਤਾਨ ਦੀ ਛੋਟ ਪ੍ਰਾਪਤ ਹੈ।

(7) ਉਹ ਸਰਕਾਰੀ ਵਿਭਾਗ/ਸੰਸਥਾਵਾਂ/ਏਜੰਸੀਆਂ ਜਿਨ੍ਹਾਂ ਨੂੰ ਕੇਂਦਰੀ ਸਰਕਾਰ/ਰਾਜ ਸਰਕਾਰ ਦੁਆਰਾ ਪ੍ਰਾਯੋਜਿਤ ਵੱਖ-ਵੱਖ ਪ੍ਰੋਗਰਾਮਾਂ/ਯੋਜਨਾਵਾਂ ਨੂੰ ਲਾਗੂ ਕਰਨ ਲਈ ਅਨੁਦਾਨ ਰਾਸ਼ੀਆਂ/ਸਬਸੀਡੀਆਂ ਦਿੱਤੀਆਂ ਜਾਂਦੀਆਂ ਹਨ ਜੇਕਰ ਉਹ ਸਬੰਧਤ ਕੇਂਦਰ ਸਰਕਾਰ/ਰਾਜ ਸਰਕਾਰ ਦੁਆਰਾ ਬਚਤ ਖਾਤਾ ਖੋਲ੍ਹਣ ਸਬੰਧੀ ਅਧਿਕਾਰ ਪੱਤਰ ਪੇਸ਼ ਕਰਦੇ ਹਨ।

(8) ਡਿਵੈਲਪਮੈਂਟ ਆਫ ਵੂਮੈਨ ਐਂਡ ਚਿਲਡਰਨ ਇਨ ਰੂਰਲ ਏਰੀਆਜ (ਡੀ ਡਬਲਯੂ ਸੀ ਆਰ ਏ)

(9) ਸੈਲਫ ਹੈਲਪ ਗਰੁੱਪਸ (ਐਸ ਐਚ ਜੀਜ਼) ਭਾਵੇਂ ਉਹ ਰਜਿਸਟਰਡ ਹੋਣ ਜਾਂ ਨਾ ਪਰੰਤੂ ਜੋ ਆਪਣੇ ਮੈਂਬਰਾਂ ਵਿਚ ਬਚਤਾਂ ਕਰਨ ਦੀ ਆਦਤ ਦਾ ਵਿਕਾਸ ਕਰਨ ਵਿਚ ਲੱਗੇ ਹਨ।

(10) ਫਾਰਮਰਸ ਕਲੱਬਸ-ਵਿਕਾਸ ਵੌਲੰਟੀਅਰ ਵਾਹਿਨੀ - ਵੀ ਵੀ ਵੀ

# ਅੰਤਿਕਾ-4

## ਡੋਮੈਸਟਿਕ/ਐਨ ਆਰ ਓ/ਐਨ ਆਰ ਈ ਖਾਤਿਆਂ ਵਿਚਲੀਆਂ ਭਾਰਤੀ ਮੁੱਦਰਾ ਵਿਚ ਜਮ੍ਹਾਂ ਰਾਸ਼ੀਆਂ ਤੇ ਵਿਆਜ ਦਰਾਂ ਬਾਰੇ ਇਸ ਮਾਸਟਰ ਸਰਕੂਲਰ ਵਿਚ ਸ਼ਾਮਲ ਉਨ੍ਹਾਂ ਨਿਰਦੇਸ਼ਾਂ/ਸਰਕੂਲਰਾਂ/ਹਦਾਇਤਾਂ ਦੀ ਸੂਚੀ

| | | |
|---|---|---|
| 1. | ਡੀ ਬੀ ਓ ਡੀ ਨੰ: ਐਲ ਈ ਜੀ.ਬੀ.ਸੀ 94/09.07.005/2006-07 | 07.05.2007 |
| 2. | ਡੀ ਬੀ ਓ ਡੀ ਨੰ: ਡੀ ਆਈ ਆਰ. ਬੀ ਸੀ 88/13.03.00/2006-07 | 24.04.2007 |
| 3. | ਡੀ ਬੀ ਓ ਡੀ ਨੰ: ਡੀ ਆਈ ਆਰ. ਬੀ ਸੀ 89/13.03.00/2006-07 | 24.04.2007 |
| 4. | ਡੀ ਬੀ ਓ ਡੀ ਨੰ: ਡੀ ਆਈ ਆਰ. ਬੀ ਸੀ 70/13.01.01/2006-07 | 30-3-2007 |
| 5. | ਡੀ ਬੀ ਓ ਡੀ ਨੰ: ਡੀ ਆਈ ਆਰ. ਬੀ ਸੀ 54/13.03.00/2006-07 | 31-1-2007 |
| 6. | ਡੀ ਬੀ ਓ ਡੀ ਨੰ: ਡੀ ਆਈ ਆਰ. ਬੀ ਸੀ 55/13.03.00/2006-07 | 31-1-2007 |
| 7. | ਏ ਪੀ (ਡੀ ਆਈ ਆਰ ਸੀਰੀਜ) ਸਰ.ਨੰ: 29 | 31-1-2007 |
| 8. | ਡੀ ਬੀ ਓ ਡੀ ਨੰ: ਡੀ ਆਈ ਆਰਉਂ ਬੀ ਸੀ 6/13.03.00/2006-07 | 1-7-2006 |
| 9. | ਡੀ ਬੀ ਓ ਡੀ ਨੰ: ਬੀ ਐਲ ਬੀ ਸੀ 58/22.01.001/2005-06 | 25-1-2006 |